## ਭੂਮਿਕਾ Introduction

ਹੁਣ ਫਿਰ ਇਮਤਿਹਾਨ ਦਾ ਸਮਾਂ ਆ ਰਿਹਾ ਹੈ। ਇਹ ਪੁਸਤਿਕਾ ਤੁਹਾਨੂੰ ਦੱਸਦੀ ਹੈ ਕਿ ਕੀ ਉਮੀਦ ਕੀਤੀ ਜਾਣੀ ਚਾਹੀਦੀ ਹੈ ਅਤੇ ਕੀ ਕਰਨਾ ਚਾਹੀਦਾ ਹੈ, ਅਤੇ ਤੁਹਾਨੂੰ ਦੱਸਦੀ ਹੈ ਕਿ ਤੁਸੀਂ ਆਪਣਾ ਨਤੀਜਾ ਅਤੇ ਆਪਣਾ ਸਰਟੀਫ਼ਿਕੇਟ ਕਿਵੇਂ ਪ੍ਰਾਪਤ ਕਰੋਗੇ।

ਜੇਕਰ ਤੁਸੀਂ SQA ਇਮਤਿਹਾਨ ਪਹਿਲਾਂ ਵੀ ਦਿੱਤੇ ਹਨ, ਤਾਂ ਤੁਹਾਨੂੰ ਪਤਾ ਹੋਵੇਗਾ ਕਿ ਕੀ ਉਮੀਦ ਕੀਤੀ ਜਾਣੀ ਚਾਹੀਦੀ ਹੈ, ਪਰ ਜੇਕਰ ਇਹ ਤੁਹਾਡੇ ਲਈ ਪਹਿਲੀ ਵਾਰੀ ਹੈ, ਤਾਂ ਪਰੇਸ਼ਾਨ ਨਾਂ ਹੋਵੋ, ਸ਼ਾਂਤ ਰਹੋ, ਅਤੇ ਆਪਣੇ ਵਲੋਂ ਸਭ ਤੋਂ ਬਿਹਤਰ ਕਰੋ। ਇਮਤਿਹਾਨ ਇਸ ਲਈ ਲਏ ਜਾਂਦੇ ਹਨ, ਤਾਂ ਜੋ ਪਤਾ ਚਲ ਸਕੇ ਕਿ ਤੁਸੀਂ ਪੜ੍ਹਾਏ ਗਏ ਵਿਸ਼ਿਆਂ ਨੂੰ ਕਿੰਨਾ ਸਿਖ ਸਕੇ ਹੋ, ਅਤੇ ਤੁਸੀਂ ਇਕੱਤਰ ਕੀਤੇ ਗਿਆਨ ਅਤੇ ਮੁਹਾਰਤਾਂ ਨੂੰ ਕਿੰਨੀ ਚੰਗੀ ਤਰ੍ਹਾਂ ਲਾਗੂ ਕਰ ਸਕਦੇ ਹੋ।

ਹਰੇਕ ਇਮਤਿਹਾਨ ਲਈ ਤੁਸੀਂ ਜਿੰਨਾ ਵੀ ਹੋ ਸਕੇ ਵੱਧ ਤੋਂ ਵੱਧ ਤਿਆਰੀ ਕਰੋ। ਜੇਕਰ ਤੁਸੀਂ ਇਮਤਿਹਾਨ ਤੋਂ ਪਹਿਲਾਂ ਅਤੇ ਇਮਤਿਹਾਨ ਦੌਰਾਨ ਆਪਣੇ ਵਲੋਂ ਬਿਹਤਰੀਨ ਕਰਦੇ ਹੋ, ਤਾਂ ਕੋਈ ਵੀ ਤੁਹਾਡੇ ਤੋਂ ਹੋਰ ਮੰਗ ਨਹੀ ਕਰ ਸਕਦਾ।

**ਸ਼ੁਭ ਕਾਮਨਾਵਾਂ !**

## ਆਪਣੇ ਇਮਤਿਹਾਨਾਂ ਲਈ ਤਿਆਰੀ ਕਰਨਾ Preparing for your exams

### ਟਾਈਮਟੇਬਲ Timetable

ਪਿਛਲੇ ਸਾਲ ਸਕੂਲਾਂ ਅਤੇ ਕਾੱਲਿਜਾਂ ਨੂੰ 2011 ਦੇ ਇਮਤਿਹਾਨਾਂ ਸਬੰਧੀ ਸਰਕਾਰੀ ਟਾਈਮ-ਟੇਬਲ ਜਾਰੀ ਕਰ ਦਿੱਤਾ ਗਿਆ ਸੀ। ਉਸਦਾ ਸਾਰਾਂਸ਼ ਇਸ ਪੁਸਤਿਕਾ ਦੇ ਪਿਛਲੇ ਪਾਸੇ ਦਿੱਤਾ ਗਿਆ ਹੈ।

ਪੂਰਾ ਟਾਈਮਟੇਬਲ ਤੁਸੀਂ SQA ਦੀ ਵੈਬਸਾਈਟ: www.sqa.org.uk. ਦੇ ਵਿਦਿਆਰਥੀਆਂ (ਲਰਨਰਜ਼) ਦੀਆਂ ਸੇਵਾਵਾਂ ਦੇ ਸੈਕਸ਼ਨ ਵਿਚ ਵੇਖ ਸਕਦੇ ਹੋ।

ਜਿਹੜੇ ਵਿਸ਼ੇ ਤੁਸੀਂ ਲੈ ਰਹੇ ਹੋ, ਉਨਾਂ ਦਾ ਤੁਸੀਂ ਆਪਣਾ ਟਾਈਮਟੇਬਲ ਵੈਬਸਾਈਟ ਤੋਂ ਪ੍ਰਿੰਟ ਕਰ ਸਕਦੇ ਹੋ।

**ਕਿਰਪਾ ਕਰਕੇ ਨੋਟ ਕਰੋ:** ਸਕੂਲਾਂ ਅਤੇ ਕਾੱਲਿਜਾਂ ਨੂੰ ਇਮਤਿਹਾਨ ਦੇ ਸ਼ੁਰੂ ਹੋਣ ਦੇ ਸਮੇਂ ਵਿਚ ਥੋੜ੍ਹੀ-ਬਹੁਤ ਤਬਦੀਲੀ ਕਰਨ ਦੀ ਇਜਾਜ਼ਤ ਹੁੰਦੀ ਹੈ, ਇਸ ਲਈ ਤੁਹਾਨੂੰ ਆਪਣੇ ਇਮਤਿਹਾਨਾਂ ਦੇ ਸ਼ੁਰੂ ਹੋਣ ਦੇ ਸਮੇਂ ਬਾਰੇ ਜਾਣਕਾਰੀ ਆਪਣੇ ਟੀਚਰਾਂ ਜਾਂ ਲੈਕਚਰਾਰਾਂ ਤੋਂ ਪੱਕੀ ਕਰਨੀ ਚਾਹੀਦੀ ਹੈ। ਇਹ ਪੱਕਾ ਕਰੋ ਕਿ ਤੁਹਾਨੂੰ ਪਤਾ ਹੈ ਕਿ ਤੁਸੀਂ ਕਿਹੜੇ ਇਮਤਿਹਾਨ ਦੇਣੇ ਹਨ, ਉਹ ਕਿਥੇ ਹੋਣੇ ਹਨ, ਅਤੇ ਉਹ ਕਦੋਂ ਸ਼ੁਰੂ ਹੋਣਗੇ। ਤੁਹਾਨੂੰ ਇਮਤਿਹਾਨ ਵਾਲੇ ਕਮਰੇ ਅੰਦਰ ਜਾਣ ਲਈ ਇਮਤਿਹਾਨ ਸ਼ੁਰੂ ਹੋਣ ਦੇ ਸਮੇਂ ਤੋਂ ਘੱਟੋ-ਘੱਟ 10 ਮਿੰਟ ਪਹਿਲਾਂ ਤਿਆਰ ਹੋਣਾ ਚਾਹੀਦਾ ਹੈ।

### ਉਪਕਰਣ (ਚੀਜ਼ਾਂ) Equipment

ਇਹ ਪੱਕਾ ਕਰੋ ਕਿ ਤੁਹਾਨੂੰ ਪਤਾ ਹੈ ਕਿ ਤੁਹਾਨੂੰ ਆਪਣੇ ਨਾਲ ਕਿਹੜੇ ਉਪਕਰਣ (ਚੀਜ਼ਾਂ) (ਪੈਨ, ਪੈਂਸਿਲ, ਕੈਲਕੁਲੇਟਰ, ਅਤੇ ਹੋਰ ਚੀਜ਼ਾਂ) ਲਿਜਾਣ ਦੀ ਲੋੜ ਹੈ। ਤੁਹਾਡਾ ਟੀਚਰ ਜਾਂ ਲੈਕਚਰਾਰ ਤੁਹਾਨੂੰ ਇਸ ਬਾਰੇ ਸਲਾਹ ਦੇ ਸਕਦਾ ਹੈ। ਇਮਤਿਹਾਨ ਦੌਰਾਨ ਨਾਂ ਤਾਂ ਆਪਣੇ ਉਪਕਰਣ (ਚੀਜ਼ਾਂ) ਕਿਸੇ ਹੋਰ ਨਾਲ ਬਿਲਕੁਲ ਵੀ ਸਾਂਝੇ ਕਰੋ ਨਾਂ ਹੀ ਕਿਸੇ ਹੋਰ ਉਮੀਦਵਾਰ ਦੇ ਉਪਕਰਣ (ਚੀਜ਼) ਵਰਤੋ।

ਇਸ ਪੁਸਤਿਕਾ ਦੇ ਪਿਛਲੇ ਪਾਸੇ ਤੁਹਾਡੇ ਲਈ ਨੋਟ ਕਰਨ ਵਾਸਤੇ ਤੁਹਾਡੇ ਇਮਤਿਹਾਨ ਦੇ ਵੇਰਵੇ ਅਤੇ ਤੁਹਾਨੂੰ ਆਪਣੇ ਨਾਲ ਕੀ ਲਿਆਉਣ ਦੀ ਲੋੜ ਹੈ, ਬਾਰੇ ਇਕ ਟੇਬਲ ਦਿਤਾ ਗਿਆ ਹੈ। ਜੇਕਰ ਤੁਸੀਂ ਕੋਈ ਅਜਿਹਾ ਇਮਤਿਹਾਨ ਦੇ ਰਹੇ ਹੋ, ਜਿਸ ਵਿਚ ਬਹੁਪੱਖੀ ਚੋਣ ਸਬੰਧੀ ਸੁਆਲ ਸ਼ਾਮਿਲ ਹੋਣ (ਇਕ 'ਔਬਜੈਕਟਿਵ ਟੈਸਟ'- ਇਹ ਆਮ ਤੌਰ ਤੇ ਸਾਂਈਸ (ਵਿਗਿਆਨਕ) ਵਿਸ਼ਿਆਂ ਅਤੇ ਹਿਸਾਬ ਵਿਚ ਹੁੰਦੇ ਹਨ) ਤਾਂ ਜਵਾਬ ਦੇਣ ਲਈ ਤੁਹਾਨੂੰ ਇਕ ਐਚਬੀ ਪੈਂਸਿਲ (HB pencil) ਦੀ ਲੋੜ ਪਏਗੀ।

(ਇਹ ਇਕ ਐਚਬੀ ਪੈਂਸਿਲ ਹੋਣੀ ਚਾਹੀਦੀ ਹੈ, ਤਾਂ ਜੋ ਅਸੀਂ ਤੁਹਾਡੇ ਪੇਪਰ ਨੂੰ ਸਕੈਨ ਕਰ ਸਕੀਏ।) ਤੁਹਾਨੂੰ ਮਿਟਾਉਣ ਵਾਲੀ ਇਕ ਰਬੜ ਦੀ ਵੀ ਲੋੜ ਪਏਗੀ, ਤਾਂ ਜੋ ਤੁਸੀਂ ਆਪਣੇ ਜਵਾਬ ਬਦਲ ਸਕੋ।

## ਤੁਹਾਡਾ ਸਕੱਟਿਸ਼ ਉਮੀਦਵਾਰ ਨੰਬਰ Your Scottish Candidate Number

ਤੁਹਾਡਾ ਸਕੱਟਿਸ਼ ਉਮੀਦਵਾਰ ਨੰਬਰ (SCN) ਜੀਵਨ ਭਰ ਲਈ ਤੁਹਾਡਾ ਨਿਜੀ SQA ਸ਼ਨਾਖ਼ਤੀ (ਆਈਡੈਂਟਿਟੀ) ਨੰਬਰ ਹੈ। ਸਾਡੇ ਕੰਪਿਉਟਰਾਈਜ਼ਡ ਸਿਸਟਮਜ਼ ਤੁਹਾਡੇ ਨੰਬਰਾਂ ਅਤੇ ਗ੍ਰੇਡਾਂ ਨੂੰ ਰਿਕਾੱਰਡ ਕਰਨ ਅਤੇ ਤੁਹਾਡੀਆਂ ਪਿਛਲੀ ਯੋਗਤਾਵਾਂ ਨੂੰ ਲੱਭਣ ਲਈ ਤੁਹਾਡੇ SCN ਨੰਬਰ ਦੀ ਵਰਤੋਂ ਕਰਦੇ ਹਨ, ਤਾਂ ਜੋ ਤੁਹਾਡਾ ਸਰਟੀਫ਼ਿਕੇਟ ਆਧੁਨਿਕ ਅਤੇ ਵਿਸਤਰਤ ਹੋ ਸਕੇ।

ਆਪਣੇ ਇਮਤਿਹਾਨ ਵਾਲੀ ਜਵਾਬੀ ਪੁਸਤਿਕਾ ਉਤੇ SCN ਨੰਬਰ ਲਿਖਣਾ ਜ਼ਰੂਰੀ ਹੈ, ਇਸ ਲਈ ਇਹ ਜ਼ਰੂਰੀ ਹੈ ਕਿ ਤੁਹਾਨੂੰ ਇਹ ਨੰਬਰ ਪਤਾ ਹੋਵੇ। ਤੁਹਾਡੇ ਸੈਂਟਰ ਵਿਚ SQA ਇਮਤਿਹਾਨਾਂ ਲਈ ਇੰਚਾਰਜ ਟੀਚਰ ਜਾਂ ਲੈਕਚਰਾਰ ਤੁਹਾਨੂੰ ਤੁਹਾਡਾ SCN ਨੰਬਰ ਦਸ ਸਕੇਗਾ।

SQA ਹਰੇਕ ਸਕੂਲ ਅਤੇ ਕਾੱਲਿਜ ਨੂੰ SCN ਕਾਰਡਾਂ ਦੀ ਸਪਲਾਈ ਕਰਦਾ ਹੈ। ਆਪਣਾ SCN ਲਿਖਣ ਲਈ ਇਸ ਕਾਰਡ ਦੀ ਵਰਤੋਂ ਕਰੋ। ਤੁਹਾਨੂੰ ਇਸ ਕਾਰਡ ਨੂੰ ਇਮਤਿਹਾਨ ਵਾਲੇ ਕਮਰੇ ਵਿਚ ਲਿਜਾਣ ਦੀ ਆਗਿਆ ਹੁੰਦੀ ਹੈ, ਪਰ ਇਸ ਉਪਰ ਤੁਹਾਡੇ ਵਲੋਂ ਕੁਝ ਹੋਰ ਨਹੀਂ ਲਿਖਿਆ ਹੋਣਾ ਚਾਹੀਦਾ। ਇਹ ਪੱਕਾ ਕਰੋ ਕਿ ਤੁਹਾਨੂੰ ਆਪਣਾ SCN ਪਤਾ ਹੈ ਅਤੇ ਇਸਨੂੰ ਸਹੀ ਤਰ੍ਹਾਂ ਵਰਤੋ (ਜਾਂ ਤੁਹਾਨੂੰ ਚੇਤੇ ਕਾਰਉਣ ਲਈ SCN ਕਾਰਡ ਆਪਣੇ ਕੋਲ ਰਖੋ)

## ਤੁਹਾਡਾ ਨਾਂ ਅਤੇ ਵੇਰਵੇ Your name and details

ਯਕੀਨੀ ਬਣਾਓ ਕਿ ਤੁਹਾਡੇ ਸਕੂਲ ਜਾਂ ਕਾੱਲਿਜ ਕੋਲ ਤੁਹਾਡੇ ਸਹੀ ਨਿਜੀ ਵੇਰਵੇ ਹਨ - ਜਿਸ ਵਿਚ ਤੁਹਾਡਾ SCN ਵੀ ਸ਼ਾਮਿਲ ਹੈ। (ਜੇ ਤੁਹਾਡੇ ਕੋਲ MySQA ਖਾਤਾ ਹੈ, ਤਾਂ ਆਪਣੇ ਨਿਜੀ ਵੇਰਵਿਆਂ ਦੀ ਜਾਂਚ ਤੁਸੀਂ ਉਥੇ ਕਰ ਸਕਦੇ ਹੋ।) ਯਕੀਨੀ ਬਣਾਓ ਕਿ ਉਹਨਾ ਕੋਲ ਤੁਹਾਡਾ ਉਹੀ ਨਾਂ ਹੋਵੇ, ਜੋ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਸਕੱਟਿਸ਼ ਯੋਗਤਾ ਸਰਟੀਫ਼ਿਕੇਟ (SQC) ਉਤੇ ਦਰਸ਼ਾਇਆ ਜਾਏ, ਅਤੇ ਉਹ ਪਤਾ ਹੋਵੇ, ਜਿਥੇ ਤੁਹਾਨੂੰ ਤੁਹਾਡਾ ਨਤੀਜਾ ਭੇਜਿਆ ਜਾਏ।

ਜੇ ਤੁਸੀਂ ਆਪਣਾ ਸਰਟੀਫ਼ਿਕੇਟ ਪ੍ਰਾਪਤ ਕਰਨ ਤੋਂ ਪਹਿਲਾਂ ਆਪਣਾ ਪੱਕਾ ਪਤਾ ਬਦਲ ਲਿਆ ਹੈ, ਤਾਂ ਪੱਕਾ ਕਰੋ ਕਿ ਇਸ ਬਾਰੇ ਜਾਣਕਾਰੀ ਤੁਸੀਂ ਆਪਣੇ ਸਕੂਲ ਜਾਂ ਕਾੱਲਿਜ ਨੂੰ ਤੁਰੰਤ ਦਿਤੀ ਹੈ। ਜੇ ਤੁਸੀਂ ਕਿਸੀ ਤਰੀਕੇ ਨਾਲ ਆਪਣਾ ਨਾਂ ਬਦਲ ਲਿਆ ਹੈ, ਤਾਂ ਆਪਣੇ ਸਕੂਲ ਜਾਂ ਕਾੱਲਿਜ ਨੂੰ ਸਾਨੂੰ ਬਦਲਿਆ ਵੇਰਵਾ ਭੇਜਣ ਲਈ ਕਹੋ।

## ਕੋਰਸ-ਵਰਕ Coursework

### (ਪੜਤਾਲਾਂ (ਇਨਵੈਂਸਟੀਗੇਸ਼ਨਜ਼), ਪ੍ਰੋਜੈਕਟ, ਫੋਲੀਓਜ਼, ਆਦਿ) (investigations, projects, folios, etc)

ਕੁਝ ਵਿਸ਼ਿਆਂ ਵਿਚ ਬੋਲਣ ਜਾਂ ਪ੍ਰੈਕਟਿਕਲ ਟੈਸਟ ਜਾਂ ਕੋਰਸ-ਵਰਕ ਜਮ੍ਹਾ ਕਰਾਉਣ ਦੀ ਲੋੜ ਹੁੰਦੀ ਹੈ। ਤੁਹਾਡੇ ਟੀਚਰ/ਲੈਕਚਰਾਰ ਨੂੰ ਤੁਹਾਨੂੰ ਇਸ ਬਾਰੇ ਸਲਾਹ ਦੇਣੀ ਚਾਹੀਦੀ ਹੈ।

ਤੁਹਾਡੇ ਵਲੋਂ ਮੁਲਾਂਕਣ ਲਈ ਜਮ੍ਹਾ ਕਰਾਇਆ ਗਿਆ ਕੋਰਸ-ਵਰਕ ਤੁਹਾਡਾ ਆਪਣਾ ਹੀ ਹੋਣਾ ਚਾਹੀਦਾ ਹੈ। ਅਕਤੂਬਰ 2010 ਵਿਚ ਤੁਹਾਡੇ ਸਕੂਲ ਜਾਂ ਕਾੱਲਿਜ ਨੇ ਤੁਹਾਨੂੰ *ਤੁਹਾਡਾ ਕੋਰਸ-ਵਰਕ* ਨਾਂ ਵਾਲਾ ਇਕ ਲੀਫ਼ਲੈਟ ਦਿੱਤਾ ਹੋਣਾ ਹੈ, ਜੋ ਦੱਸਦਾ ਹੈ ਕਿ ਤੁਸੀਂ ਕੀ ਕਰਨਾ ਹੈ। ਇਸ ਤੋਂ ਪਹਿਲਾਂ ਕਿ ਤੁਸੀਂ ਆਪਣਾ ਕੋਰਸ-ਵਰਕ ਜਮ੍ਹਾ ਕਰਾਓ, ਤੁਹਾਨੂੰ ਇਹ ਪੱਕਾ ਕਰਨਾ ਜ਼ਰੂਰੀ ਹੈ ਕਿ ਤੁਸੀਂ ਉਹ ਲੀਫ਼ਲੈਟ ਪੜ੍ਹਿਆ ਅਤੇ ਸਮਝਿਆ ਹੈ ਅਤੇ, ਜਿਥੇ ਕਿਹਾ ਗਿਆ ਹੋਵੇ, ਉਥੇ ਇਹ ਪਛਾਣ ਕਰਨ ਲਈ ਕਿ ਇਹ ਤੁਹਾਡਾ ਆਪਣਾ ਕੰਮ ਹੈ, ਤੁਸੀਂ ਕਵਰ ਵਾਲੇ ਸਫ਼ੇ (ਫ਼ਲਾਈ-ਲੀਫ਼) ਉਤੇ ਦਸਤਖ਼ਤ ਕੀਤੇ ਹਨ।

ਜੇ ਕੋਈ ਅਜਿਹੀ ਚੀਜ਼ ਹੈ, ਜਿਸ ਬਾਰੇ ਤੁਹਾਨੂੰ ਪੱਕਾ ਨਹੀ ਜਾਂ ਸਮਝ ਨਹੀਂ ਆਈ ਹੈ, ਤਾਂ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣੇ ਟੀਚਰ ਜਾਂ ਲੈਕਚਰਾਰ ਨੂੰ ਇਸ ਬਾਰੇ ਪੁਛੋ।

## ਆਰਟ ਅਤੇ ਡਿਜ਼ਾਈਨ ਦੇ ਪ੍ਰੈਕਟਿਕਲ ਇਮਤਿਹਾਨ Art and Design practical exams

ਤੁਹਾਡਾ ਆਰਟ ਟੀਚਰ ਤੁਹਾਨੂੰ ਦਸੇਗਾ ਕਿ ਇਹ ਤੁਹਾਡੇ ਸਕੂਲ ਜਾਂ ਕਾੱਲਿਜ ਵਿਚ ਕਦੋਂ ਹੋਣਗੇ। ਇਹ ਵੇਰਵੇ ਇਸ ਪੁਸਤਿਕਾ ਦੇ ਪਿੱਛੇ ਦਿੱਤੇ ਗਏ ਟੇਬਲ ਵਿਚ ਤੁਹਾਨੂੰ ਦਰਜ ਕਰਨੇ ਚਾਹੀਦੇ ਹਨ।

# ਤੁਹਾਡੇ ਇਮਤਿਹਾਨਾਂ ਦੌਰਾਨ During your exams

## ਨਿਰੀਖਕ Invigilators

SQA's ਦੇ ਇਮਤਿਹਾਨਾਂ ਲਈ ਨਿਗਰਾਨੀ ਕਰਨ ਵਾਲੇ ਜ਼ਿਮੇਵਾਰ ਲੋਕਾਂ ਨੂੰ 'ਨਿਰੀਖਕ (ਇਨਵਿਜੀਲੇਟਰਜ਼)' ਕਿਹਾ ਜਾਂਦਾ ਹੈ। ਨਿਰੀਖਕ ਦਾ ਕੰਮ ਇਮਤਿਹਾਨ ਵਾਲੇ ਕਮਰੇ ਵਿਚ ਰਹਿਕੇ ਇਹ ਯਕੀਨੀ ਬਣਾਉਣਾ ਹੈ ਕਿ ਇਮਤਿਹਾਨ ਨਿਯਮਾਂ ਅਨਕੂਲ ਹੋ ਰਹੇ ਹਨ ਅਤੇ ਨਿਯਮ ਸਪਸ਼ਟ ਤੌਰ ਤੇ ਨਿਰਪੱਖਤਾ ਨਾਲ ਲਾਗੂ ਹੋ ਰਹੇ ਹਨ। ਨਿਰੀਖਕ ਵਲੋਂ ਤੁਹਾਨੂੰ ਦਿੱਤੀ ਗਈ ਕਿਸੇ ਵੀ ਹਿਦਾਇਤ ਦੀ ਪਾਲਣਾ ਕਰਨਾ ਤੁਹਾਡੇ ਲਈ ਲਾਜ਼ਮੀ ਹੈ। ਹਾਂ

ਜੇਕਰ ਤੁਸੀਂ ਠੀਕ ਨਹੀਂ ਮਹਿਸੂਸ ਕਰ ਰਹੇ ਜਾਂ ਪਰੇਸ਼ਾਨੀ ਮਹਿਸੂਸ ਕਰ ਰਹੇ ਹੋ, ਤਾਂ ਵੀ ਨਿਰੀਖਕ ਤੁਹਾਡੇ ਲਈ ਮਦਦ ਮੁਹਈਆ ਕਰੇਗਾ।

## ਡੈਸਕਸ Desks

ਜ਼ਿਆਦਾਤਰ ਸਕੂਲਾਂ ਜਾਂ ਕਾੱਲਿਜਾਂ ਵਿਚ, ਹਰੇਕ ਇਮਤਿਹਾਨ ਲਈ ਤੁਹਾਨੂੰ ਇਕ ਡੈਸਕ ਜਾਂ ਸੀਟ ਨੰਬਰ ਦਿੱਤਾ ਜਾਏਗਾ। ਤੁਹਾਡੇ ਟੀਚਰ ਜਾਂ ਲੈਕਚਰਾਰ ਨੂੰ ਤੁਹਾਨੂੰ ਇਹ ਦਸਣਾ ਚਾਹੀਦਾ ਹੈ। ਪੱਕਾ ਕਰੋ ਕਿ ਇਮਤਿਹਾਨ ਤੋਂ ਪਹਿਲਾਂ ਤੁਹਾਨੂੰ ਆਪਣਾ ਡੈਕਸ/ਸੀਟ ਨੰਬਰ ਪਤਾ ਹੈ। ਜੇ ਤੁਸੀਂ ਕੋਈ ਅਜਿਹਾ ਇਮਤਿਹਾਨ ਦੇ ਰਹੇ ਹੋ, ਜਿਸ ਵਿਚ ਤੁਹਾਨੂੰ ਇਕ ਔਬਜੈਕਟਿਵ ਟੈਸਟ ਦਾ ਜਵਾਬ ਲਿਖਣ ਵਾਲੀ ਸ਼ੀਟ ਵਰਤਣ ਦੀ ਲੋੜ ਹੈ, ਤਾਂ ਇਹ ਵਿਸ਼ੇਸ਼ ਤੌਰ ਤੇ ਮਹਤੱਵਪੂਰਣ ਹੈ ਕਿ ਤੁਸੀਂ ਆਪਣੇ ਅਲਾੱਟ ਕੀਤੇ ਡੈਸਕ ਉਤੇ ਬੈਠੋ।

ਇਹ ਇਸ ਲਈ ਹੈ ਕਿ ਇਹਨਾਂ ਇਮਤਿਹਾਨਾਂ ਵਿਚ ਤੁਹਾਨੂੰ ਤੁਹਾਡੀ ਨਿਜੀ ਜਵਾਬ ਦੇਣ ਵਾਲੀ ਸ਼ੀਟ ਦਿਤੀ ਜਾਏਗੀ, ਜਿਸ ਉਤੇ ਤੁਹਾਡਾ ਨਾਂ, SCN ਅਤੇ ਸੈਂਟਰ ਦਾ ਵੇਰਵਾ ਪਹਿਲਾਂ ਹੀ ਇਸ ਉਤੇ ਪ੍ਰਿੰਟ ਕੀਤਾ ਗਿਆ ਹੋਵੇਗਾ। ਤੁਹਾਨੂੰ ਇਹਨਾਂ ਵੇਰਵਿਆਂ ਨੂੰ ਇਮਤਿਹਾਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਜਾਂਚਣ ਲਈ ਕਿਹਾ ਜਾਵੇਗਾ।

## ਜੇ ਤੁਹਾਨੂੰ ਦੇਰ ਹੋ ਗਈ ਹੈ If you are late

ਜੇਕਰ ਤੁਹਾਨੂੰ ਇਮਤਿਹਾਨ ਲਈ ਦੇਰ ਹੋ ਗਈ ਹੈ, ਤਾਂ ਤੁਹਾਨੂੰ SQA ਇਮਤਿਹਾਨ ਲਈ ਇੰਚਾਰਜ ਟੀਚਰ ਜਾਂ ਲੈਕਚਰਾਰ ਨੂੰ ਰਿਪੋਰਟ ਕਰਨੀ ਜ਼ਰੂਰੀ ਹੈ, ਜੋ ਫ਼ੈਸਲਾ ਕਰੇਗਾ ਕਿ ਤੁਸੀਂ ਇਮਤਿਹਾਨ ਵਿਚ ਬੈਠ ਸਕਦੇ ਹੋ ਜਾਂ ਨਹੀਂ। ਭਾਵੇਂ ਤੁਹਾਨੂੰ ਇਮਤਿਹਾਨ ਲਈ ਬਹਿਣ ਦਿੱਤਾ ਜਾਏ ਜਾਂ ਨਹੀ, ਤੁਹਾਡੇ ਦੇਰ ਨਾਲ ਆਉਣ ਦੇ ਕਾਰਣਾਂ ਬਾਰੇ SQA ਨੂੰ ਰਿਪੋਰਟ ਕੀਤਾ ਜਾਏਗਾ ਅਤੇ ਉਸ ਨੂੰ ਧਿਆਨ ਵਿਚ ਰਖਿਆ ਜਾ ਸਕਦਾ ਹੈ।

## ਇਮਤਿਹਾਨ ਵਾਲੇ ਕਮਰੇ ਵਿਚ In the exam room

ਚੀਜ਼ਾਂ ਜੋ ਇਮਤਿਹਾਨ ਦੇ ਦੌਰਾਨ ਤੁਹਾਡੇ ਕੋਲ ਬਿਲਕੁਲ ਨਹੀ ਹੋਣੀਆਂ ਚਾਹੀਦੀਆਂ:

- ਮੋਬਾਈਲ ਫੋਨ/WAP ਸਮਰੱਥਾ ਵਾਲਾ ਫੋਨ
- ਸੰਗੀਤ/MP3 ਪਲੇਅਰ
- ਕੈਲਕੁਲੇਟਰ – ਸਿਰਫ਼ ਨਿਰਧਾਰਤ ਵਿਸ਼ਿਆਂ ਦੇ
- ਸ਼ਬਦ-ਕੋਸ਼ – ਸਿਰਫ਼ ਨਿਰਧਾਰਤ ਵਿਸ਼ਿਆਂ ਦੇ
- ਕੇਸਿਜ਼ – ਕੈਲਕੁਲੇਟਰ ਜਾਂ ਪੈਂਸਿਲ, ਆਦਿ
- ਕਿਤਾਬਾਂ, ਨੋਟਸ, ਸਕੈਚ, ਕਿਸੇ ਕਿਸਮ ਦਾ ਪੇਪਰ, ਜਾਂ ਕੋਈ ਹੋਰ ਮਨਾਹੀ ਵਾਲੀ ਚੀਜ਼

ਜਦੋਂ ਇਮਤਿਹਾਨ ਵਿਚ ਵਰਤਣ ਲਈ ਚੀਜ਼ਾਂ ਦੀ ਲੋੜ ਹੋਵੇ, ਤਾਂ ਇਹ ਜ਼ਰੂਰ ਹੈ ਕਿ ਤੁਸੀ ਪੱਕਾ ਕਰੋ ਉਹ SQA ਨਿਯਮਾਂ ਨੂੰ ਪੂਰਾ ਕਰਦੀਆਂ ਹਨ। ਜੇਕਰ ਉਹ ਇਲੈਕਟ੍ਰੌਨਿਕ ਚੀਜ਼ਾਂ ਹਨ, ਤਾਂ ਤੁਹਾਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਸ ਵਿਚ ਮਨਾਹੀ ਵਾਲਾ ਡਾਟਾ ਜਾਂ ਕੋਈ ਵਾਧੂ ਸਹੂਲਤਾਂ ਨਾ ਹੋਣ। ਤੁਹਾਡਾ ਟੀਚਰ/ਲੈਕਚਰਾਰ ਇਸ ਬਾਰੇ ਤੁਹਾਨੂੰ ਸਲਾਹ ਦੇ ਸਕਦਾ ਹੈ।

ਜਾਂਚੋ ਕਿ ਤੁਹਾਨੂੰ ਦਿੱਤਾ ਗਿਆ ਇਮਤਿਹਾਨ ਦਾ ਪੇਪਰ ਤੁਹਾਡਾ ਹੀ ਹੈ। ਜੇਕਰ ਇਹ ਉਹ ਪੇਪਰ ਨਹੀਂ ਹੈ, ਜਿਸਦੀ ਤੁਸੀਂ ਉਮੀਦ ਕਰ ਰਹੇ ਸੀ, ਤਾਂ ਕਿਰਪਾ ਕਰਕੇ ਨਿਰੀਖਕ ਨੂੰ ਦਸੋ।

ਸੁਆਲ ਵਾਲੇ ਹਰੇਕ ਪੇਪਰ ਦੇ ਅਗਲੇ ਪਾਸੇ ਦਿਤੀਆਂ ਹਿਦਾਇਤਾਂ ਨੂੰ ਪੜ੍ਹੋ, ਅਤੇ ਯਕੀਨੀ ਬਣਾਓ ਕਿ ਤੁਸੀਂ ਉਹਨਾਂ ਦੀ ਪਾਲਣਾ ਧਿਆਨ ਨਾਲ ਕਰੋ।

ਤੁਹਾਨੂੰ ਇਮਤਿਹਾਨ ਵਾਲੇ ਪੇਪਰ ਜਾਂ ਪੁਸਤਿਕਾ ਦੇ ਅਗਲੇ ਸਫ਼ੇ ਉਤੇ ਆਪਣਾ ਪੂਰਾ ਵੇਰਵਾ ਪੂਰਾ ਕਰਨਾ ਚਾਹੀਦਾ ਹੈ।

ਜੇ ਤੁਹਾਨੂੰ ਵਾਧੂ ਸ਼ੀਟਾਂ ਦੀ ਲੋੜ ਹੈ, ਤਾਂ ਨਿਰੀਖਕ ਨੂੰ ਕਹੋ। ਇਸ ਤੋਂ ਪਹਿਲਾਂ ਕਿ ਨਿਰੀਖਕ ਤੁਹਾਡੇ ਕੋਲੋ ਸ਼ੀਟ ਲਵੇ, ਤੁਸੀਂ ਆਪਣਾ ਨਾਂ, SCN ਅਤੇ ਸਕੂਲ ਜਾਂ ਕਾੱਲਿਜ ਦਾ ਨਾਂ, ਲਈ ਗਈ ਹਰੇਕ ਵਾਧੂ ਸ਼ੀਟ ਉਤੇ ਲਿਖਣਾ ਯਾਦ ਰਖੋ। ਵਾਧੂ ਸ਼ੀਟਾਂ ਨੂੰ ਆਪਣੀ ਜਵਾਬ ਦੇਣ ਵਾਲੀ ਕਾਪੀ ਅੰਦਰ ਲਗਾਓ।

### ਸੁਆਲਾਂ ਵਾਲੇ ਪੇਪਰ ਵਿਚਲੇ ਖ਼ਾਲੀ ਸਫ਼ੇ Blank pages in the question paper

ਸੁਆਲਾਂ ਵਾਲੇ ਪੇਪਰ ਦੇ ਉਹਨਾਂ ਸਫ਼ਿਆਂ, ਜਿਹਨਾਂ ਉਤੇ ਸੁਆਲ ਜਾਂ ਹਿਦਾਇਤਾਂ ਨਾਂ ਹੋਣ, ਉਹਨਾਂ ਸਫ਼ਿਆਂ ਦੇ ਵਿਚਕਾਰ ਵੱਡੇ ਅੱਖਰਾਂ ਵਿਚ ਖ਼ਾਲੀ ਸਫ਼ਾ (ਬਲੈਂਕ ਪੇਜ਼) BLANK PAGE ਛਪਿਆ ਹੋਏਗਾ।

ਕੋਈ ਵੀ ਸਫ਼ਾ ਪੂਰੀ ਤਰ੍ਹਾਂ ਖ਼ਾਲੀ ਨਹੀਂ ਹੋਣਾ ਚਾਹੀਦਾ। ਜੇ ਤੁਹਾਨੂੰ ਕੋਈ ਸਫ਼ਾ ਪੂਰੀ ਤਰ੍ਹਾਂ ਖ਼ਾਲੀ ਨਜ਼ਰ ਆਉਂਦਾ ਹੈ, ਤਾਂ ਕਿਰਪਾ ਕਰਕੇ ਨਿਰੀਖਕ ਦੇ ਧਿਆਨ ਵਿਚ ਲਿਆਓ।

ਜਿਥੇ ਤੁਹਾਨੂੰ ਇਹ ਅੱਖਰ ਲਿਖੇ ਨਜ਼ਰ ਆਉਣ **ਇਮਤਿਹਾਨ ਦਾ ਪਰਚਾ ਖ਼ਤਮ,** ਸੁਆਲਾਂ ਵਾਲਾ ਪੇਪਰ ਉਥੇ ਖ਼ਤਮ ਹੋ ਜਾਂਦਾ ਹੈ।

## ਤੁਹਾਡਾ ਵਿਹਾਰ Your conduct

### ਆਪਣੇ ਜਵਾਬ ਲਿਖਣੇ Writing your answers

ਕਾਲੀ ਜਾਂ ਗੂੜ੍ਹੀ ਨੀਲੀ ਸਿਆਹੀ ਵਾਲਾ ਪੈਨ ਵਰਤੋ, ਅਤੇ ਸਾਫ਼ ਅਤੇ ਸਪਸ਼ਟ ਲਿਖੋ। ਔਬਜੈਕਟਿਵ ਟੈਸਟ ਦੀਆਂ ਜਵਾਬ ਦੇਣ ਵਾਲੀਆਂ ਸ਼ੀਟਾਂ, ਚਿੱਤਰਾਂ, ਗ੍ਰਾਫ਼ਾਂ ਅਤੇ ਰਫ਼ ਕੰਮ ਕਰਨ ਲਈ ਸਿਰਫ਼ ਪੈਂਸਿਲ ਦੀ ਵਰਤੋਂ ਕਰੋ। ਕੁਝ ਵਿਸ਼ਿਆਂ ਵਿਚ ਤੁਸੀਂ ਗੰਦੀ ਜਾਂ ਅਸਪਸ਼ਟ ਲਿਖਾਈ ਕਾਰਣ, ਅਤੇ ਸ਼ਬਦ-ਜੋੜਾਂ ਅਤੇ ਵਿਰਾਮ ਚਿੰਨਾਂ ਦੀ ਗ਼ਲਤੀ ਕਰਕੇ ਨੰਬਰ ਕਟਾ ਸਕਦੇ ਹੋ। ਜੇਕਰ ਤੁਹਾਡੀਆਂ ਇਸ ਬਾਰੇ ਕੋਈ ਚਿੰਤਾਵਾਂ ਹਨ, ਤਾਂ ਤੁਹਾਨੂੰ ਆਪਣੇ ਟੀਚਰ ਜਾਂ ਲੈਕਚਰਾਰ ਨਾਲ ਗੱਲ ਕਰਨੀ ਚਾਹੀਦੀ ਹੈ।

ਤੁਹਾਨੂੰ ਆਪਣੇ ਜਵਾਬਾਂ ਵਿਚ ਕੋਈ ਵੀ ਟੈਕਸਟ ਭਾਸ਼ਾ ਜਾਂ ਕੋਈ ਭੱਦੀ, ਗਾਲ੍ਹ, ਭੜਕਾਉ, ਪੱਖ-ਪਾਤ ਕਰਨ ਵਾਲੀ ਜਾਂ ਤੁਛੱ ਸ਼ਬਦਾਵਲੀ ਜਾਂ ਚਿੱਤਰਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਜਦੋਂ ਬਿਨਾਂ ਲਾਈਨਾਂ ਵਾਲੇ ਪੇਪਰ ਉਤੇ ਲਿਖਦੇ ਹੋ, ਤਾਂ ਲਾਈਨਾਂ ਵਿਚਕਾਰ ਲਗਭਗ ਇਕ ਸੈਂਟੀਮੀਟਰ ਥਾਂ ਛੱਡਣ ਦੀ ਕੋਸ਼ਿਸ਼ ਕਰੋ।

## ਡਾਟਾ ਪੁਸਤਿਕਾ Data booklets

ਜਦੋਂ ਟੇਬਲ ਜਾਂ ਡਾਟਾ ਇਮਤਿਹਾਨ ਦਾ ਹਿੱਸਾ ਹੋਣਗੇ ਤਾਂ ਉਹਨਾਂ ਦੀਆਂ ਬੁਕਲੈਟਸ ਤੁਹਾਨੂੰ ਪ੍ਰਦਾਨ ਕੀਤੀਆਂ ਜਾਣਗੀਆਂ। ਤੁਸੀਂ ਉਹਨਾਂ ਉਤੇ ਕਿਸੇ ਕਿਸਮ ਦਾ ਨਿਸ਼ਾਨ ਨਹੀਂ ਲਾਓ ਜਾਂ ਤੁਸੀਂ ਉਹਨਾਂ ਨੂੰ ਇਮਤਿਹਾਨ ਵਾਲੇ ਕਮਰੇ ਤੋਂ ਬਾਹਰ ਨਹੀਂ ਲੈ ਕੇ ਜਾ ਸਕਦੇ।

## ਰਫ਼ ਕੰਮ Rough work

ਸਾਰੇ ਰਫ਼ ਕੰਮ ਦਿੱਤੀ ਗਈ ਜਵਾਬ ਦੇਣ ਵਾਲੀ ਪੁਸਤਿਕਾ ਵਿਚ ਹੀ ਕੀਤੇ ਜਾਣੇ ਚਾਹੀਦੇ ਹਨ।

ਜੇ ਤੁਸੀਂ ਕਿਸੇ ਸੁਆਲ ਦਾ ਜਵਾਬ ਦੇਣ ਲਈ ਕਈ ਵਾਰੀ ਕੋਸ਼ਿਸ਼ ਕੀਤੀ ਹੈ, ਤਾਂ ਕਿਰਪਾ ਕਰਕੇ ਸੁਆਲ ਪੂਰਾ ਕਰਨ ਦੇ ਬਾਅਦ ਇਹਨਾਂ ਕੋਸ਼ਿਸ਼ਾਂ ਨਾਲ ਸਬੰਧਤ ਰਫ਼ ਕੰਮ ਅਤੇ ਬਾਕੀ ਦੇ ਅਣਚਾਹੇ ਜਵਾਬਾਂ ਉਤੇ ਕਾਟਾ ਮਾਰ ਦਿਓ।

## ਇਮਤਿਹਾਨ ਵਾਲੇ ਕਮਰੇ ਨੂੰ ਛੱਡ ਕੇ ਜਾਣਾ Leaving the exam room

ਜੇ ਤੁਸੀਂ ਜਿੰਨਾ ਤੁਸੀਂ ਕਰ ਸਕਦੇ ਉਹਨਾ ਪੇਪਰ ਕਰ ਲਿਆ ਹੈ, ਤਾਂ ਨਿਰੀਖਕ ਤੁਹਾਨੂੰ ਅੱਧੇ ਘੰਟੇ ਬਾਦ (ਜਿਥੇ ਇਮਤਿਹਾਨ ਦਾ ਟਾਈਮ-ਟੇਬਲ ਇਕ ਘੰਟੇ ਤੋਂ ਵੱਧ ਸਮੇਂ ਦਾ ਹੈ) ਜਾਂ 20 ਮਿੰਟਾਂ ਬਾਦ (ਜੇ ਇਮਤਿਹਾਨ ਇਕ ਘੰਟੇ ਜਾਂ ਉਸ ਤੋਂ ਘੱਟ ਸਮੇਂ ਦਾ ਹੈ) ਜਾਣ ਦੀ ਆਗਿਆ ਦੇ ਸਕਦਾ ਹੈ। ਤੁਸੀਂ ਸਿਰਫ਼ ਨਿਰੀਖਕ ਦੀ ਆਗਿਆ ਨਾਲ ਹੀ ਸਮੇਂ ਤੋਂ ਪਹਿਲਾਂ ਬਾਹਰ ਜਾ ਸਕਦੇ ਹੋ।

ਬਾਹਰ ਜਾਣ ਤੋਂ ਪਹਿਲਾਂ ਤੁਹਾਨੂੰ ਆਪਣੀ ਜਵਾਬ ਵਾਲੀ ਪੁਸਤਿਕਾ ਅਤੇ ਸੁਆਲ ਵਾਲੇ ਪੇਪਰ, ਜਿਸ ਵਿਚ ਭਾਵੇਂ ਕੁਝ ਵੀ ਹੋਵੇ, ਨਿਰੀਖਕ ਨੂੰ ਜ਼ਰੂਰ ਵਾਪਸ ਦੇਣਾ ਚਾਹੀਦਾ ਹੈ, - ਨਹੀਂ ਤਾਂ ਸਬੰਧਿਤ ਪੇਪਰ ਲਈ ਤੁਸੀਂ ਸਾਰੇ ਨੰਬਰ ਕਟਾ ਸਕਦੇ ਹੋ।

## ਗ਼ੈਰਹਾਜ਼ਰੀ Absence

ਜੇਕਰ ਬਿਮਾਰੀ ਕਰਕੇ ਜਾਂ ਕਿਸੇ ਹੋਰ ਉਚਿਤ ਕਾਰਣ ਦੇ ਤੁਸੀਂ ਇਮਤਿਹਾਨ ਜਾਂ ਉਸਦੇ ਕਿਸੇ ਹਿੱਸੇ ਵਿਚ ਬੈਠ ਨਹੀ ਸਕੇ, ਤਾਂ ਤੁਹਾਨੂੰ ਆਪਣੇ ਸਕੂਲ ਜਾਂ ਕਾੱਲਿਜ ਨੂੰ ਜਲਦੀ ਤੋਂ ਜਲਦੀ ਇਸ ਬਾਰੇ ਰਿਪੋਰਟ ਕਰਨੀ ਚਾਹੀਦੀ ਹੈ। ਆਪਣੀ ਗ਼ੈਰਹਾਜ਼ਰੀ ਵਾਲੇ ਦਿਨ ਜਾਂ ਉਸ ਤੋਂ ਅਗਲੇ ਦਿਨ ਤੁਹਾਨੂੰ ਆਪਣੇ ਸਕੂਲ ਜਾਂ ਕਾੱਲਿਜ ਨੂੰ ਇਮਤਿਹਾਨ ਵਾਲੇ ਦਿਨ ਨੂੰ ਕਵਰ ਕਰਨ ਲਈ ਇਕ ਮੈਡੀਕਲ ਸਰਟੀਫ਼ਿਕੇਟ ਦੇਣਾ ਚਾਹੀਦਾ ਹੈ।

ਜੇ ਤੁਸੀਂ ਇਮਤਿਹਾਨ ਦੌਰਾਨ ਬਿਮਾਰ ਹੋ ਜਾਂਦੇ ਹੋ, ਅਤੇ ਤੁਹਾਡਾ ਸਕੂਲ ਜਾਂ ਕਾੱਲਿਜ ਇਸਦੀ ਪੁਸ਼ਟੀ ਕਰ ਸਕਦਾ ਹੈ, ਤਾਂ ਤੁਹਾਨੂੰ ਮੈਡੀਕਲ ਸਰਟੀਫ਼ਿਕੇਟ ਦੇਣ ਦੀ ਲੋੜ ਨਹੀਂ ਪਏਗੀ।

## ਅਣਉਚਿਤ ਵਿਹਾਰ Improper conduct

ਇਮਤਿਹਾਨ ਦੌਰਾਨ ਵਿਘਣ ਪਾਉਣ ਵਾਲੇ ਸਾਰੇ ਅਣਉਚਿਤ ਵਿਹਾਰ ਅਤੇ ਸਰਗਰਮੀਆਂ ਨੂੰ SQA ਕੋਲ ਰਿਪੋਰਟ ਕੀਤਾ ਜਾਏਗਾ ਅਤੇ ਜਾਂਚ ਕੀਤੀ ਜਾਏਗੀ। ਤੁਹਾਨੂੰ ਚਿਤਾਵਨੀ ਦਿੱਤੀ ਜਾ ਸਕਦੀ ਹੈ, ਤੁਸੀਂ ਮੁਲਾਂਕਣ ਲਈ ਅਪੀਲ ਦਾ ਹੱਕ ਗੁਆ ਸਕਦੇ ਹੋ, ਨੰਬਰ ਕਟਾ ਸਕਦੇ ਹੋ, ਸਬੰਧਿਤ ਵਿਸ਼ੇ ਦੇ ਇਮਤਿਹਾਨ ਵਿਚ ਤੁਹਾਡੇ ਬਹਿਣ ਨੂੰ ਰੱਦ ਕੀਤਾ ਜਾ ਸਕਦਾ ਹੈ ਜਾਂ, ਗੰਭੀਰ ਹਾਲਾਤਾਂ ਵਿਚ, ਇਮਤਿਹਾਨ ਲਈ ਤੁਹਾਡੀਆਂ ਸਾਰੀਆਂ ਐਂਟਰੀਆਂ ਰੱਦ ਹੋ ਸਕਦੀਆਂ ਹਨ।

ਅਣਉਚਿਤ ਵਿਹਾਰ ਦੇ ਉਦਾਹਰਣ ਹਨः Examples of improper conduct are:

• ਇਮਤਿਹਾਨ ਰੂਮ ਵਿਚ ਮਨਾਹੀ ਵਾਲੀਆਂ ਚੀਜ਼ਾਂ ਰਖਣੀਆਂ (ਜਿਸ ਵਿਚ ਨੋਟਸ, ਡਿਜੀਟਲ ਆੱਡੀਓ ਉਪਕਰਣ, ਮੋਬਾਈਲ ਟੈਲੀਫੋਨ, ਆਦਿ ਸ਼ਾਮਿਲ ਹਨ)
– ਬਿਨਾ ਕੈਲਕੁਲੇਟਰ ਵਾਲੇ ਪੇਪਰ ਵਿਚ ਕੈਲਕੁਲੇਟਰ ਦੀ ਵਰਤੋਂ ਕਰਨੀ
– ਮਨਾਹੀ ਵਾਲੀਆਂ ਸਹੂਲਤਾਂ ਵਾਲੇ ਕੈਲਕੁਲੇਟਰ ਦੀ ਵਰਤੋਂ ਕਰਨੀ, ਉਦਾਹਰਣ ਲਈ, ਡਾਟਾ ਜਾਂ ਟੈਕਸਟ ਸਟੋਰ ਕਰਨ ਦੀ ਸਮਰੱਥਾ ਵਾਲੇ ਇਕ ਕੰਪਿਉਟਰ ਦਾ ਐਲਜੈਬਰਾ ਸਿਸਟਮ (CAS)
• ਮੁਲਾਂਕਣ ਵਿਚ ਕੋਈ ਹੋਰ ਵਿਅਕਤੀ ਹੋਣ ਦਾ ਵਿਖਾਵਾ ਕਰਨਾ/ਆਪਣੇ ਲਈ ਕਿਸੇ ਹੋਰ ਨੂੰ ਮੁਲਾਂਕਣ ਲਈ ਬਿਠਾਉਣ ਦੀ ਕੋਸ਼ਿਸ਼ ਕਰਨਾ

• ਇਮਤਿਹਾਨ ਵਾਲੇ ਕਮਰੇ ਵਿਚ ਵਿਘਣ ਪਾਉਣ ਵਾਲਾ ਵਤੀਰਾ
• ਆਪਣੀ ਜਵਾਬ ਵਾਲੀ ਪੁਸਤਿਕਾ ਜਾਂ ਕੋਰਸਵਰਕ ਵਿਚ ਭੜਕਾਉ ਜਾਂ ਭੱਦੀ ਭਾਸ਼ਾ ਦੀ ਵਰਤੋਂ ਕਰਨੀ, ਉਦਾਹਰਣ ਲਈ, ਹੋਛੀਆਂ ਗੱਲਾਂ, ਗਾਲ੍ਹਾਂ ਕੱਢਣੀਆਂ, ਪੱਖਪਾਤ (ਜਿਸ ਵਿਚ ਜਿਨਸੀ, ਨਸਲੀ, ਸਮਲਿੰਗਕਾਮੀ ਵਾਲਾ ਮਜ਼ਮੂਨ)
• ਦੂਜੇ ਉਮੀਦਵਾਰ ਦੀ ਨਕਲ ਮਾਰਨੀ
• ਗੱਠ-ਜੋੜ - ਇਕ ਵਿਅਕਤੀਗਤ ਕੰਮ ਤੇ ਦੂਜੇ ਉਮੀਦਵਾਰਾਂ ਨਾਲ ਮਿਲਕੇ ਕੰਮ ਕਰਨਾ
• ਸਾਹਿਤਕ/ਵਿਚਾਰ ਚੋਰੀ ਕਰਨਾ - ਸਰੋਤ ਨੂੰ ਸਹੀ ਤਰ੍ਹਾਂ ਮਾਨਤਾ ਦੇਣ ਵਿਚ ਨਾਕਾਮੀ ਕਰਨੀ ਅਤੇ/ਜਾਂ ਕਿਸੇ ਦੂਜੇ ਵਿਅਕਤੀ ਦੇ ਕੰਮ ਨੂੰ ਆਪਣਾ ਦੱਸਕੇ ਲਿਖਣਾ

### ਇਮਤਿਹਾਨਾਂ ਦੀ ਸਮਗਰੀ ਦੀ ਮਲਕੀਅਤ ਅਤੇ ਕਾੱਪੀਰਾਈਟ Ownership and copyright of exam material

ਜਦੋਂ ਤੁਸੀਂ SQA ਨੂੰ ਆਪਣੀ ਇਮਤਿਹਾਨ ਸਬੰਧੀ ਸਮਗਰੀ ਜਮ੍ਹਾ ਕਰਦੇ ਹੋ ਜਾਂ ਆਪਣੇ ਸਕੂਲ ਜਾਂ ਕਾੱਲਿਜ ਨੂੰ ਉਹਨਾਂ ਨੂੰ ਤੁਹਾਡੇ ਵਲੋਂ ਦਾਖ਼ਲ ਕਰਨ ਦੀ ਆਗਿਆ ਦਿੰਦੇ ਹੋ, ਤਾਂ ਤੁਸੀਂ ਇਸਨੂੰ SQA ਦੀ ਕੁਦਰਤੀ ਅਤੇ ਬੌਧਕ ਸੰਪਤੀ ਅਤੇ ਕਾੱਪੀਰਾਈਟ ਬਣਾਉਣ ਲਈ ਸਹਿਮਤ ਹੁੰਦੇ ਹੋ।

ਇਮਤਿਹਾਨ ਦੀਆਂ ਸਮਗਰੀਆਂ ਹਨ: SQA ਕੋਲ ਮੁਲਾਂਕਣ ਲਈ ਜਮ੍ਹਾ ਕਰਾਈਆਂ ਗਈਆਂ ਜਵਾਬ ਦੇਣ ਵਾਲੀਆਂ ਪੁਸਤਿਕਾਵਾਂ ਅਤੇ/ਜਾਂ ਕੋਰਸਵਰਕ ਅਤੇ/ਜਾਂ ਬਦਲਵੇਂ ਸਬੂਤ।

SQA ਇਹਨਾਂ ਸਮਗਰੀਆਂ ਨੂੰ ਪੜ੍ਹਾਉਣ ਅਤੇ ਉਦਾਹਰਣ ਵਾਲੀ ਸਮਗਰੀ ਵਰਗੇ ਉਦੇਸ਼ਾਂ ਲਈ ਵਰਤ ਸਕਦਾ ਹੈ। SQA ਤੁਹਾਡਾ ਨਾਂ ਜਾਂ ਸਕੱਟਿਸ਼ ਉਮੀਦਵਾਰ ਨੰਬਰ, ਜਾਂ ਕਿਸੇ ਸ਼ਨਾਖ਼ਤੀ ਵੇਰਵੇ ਦਾ ਖ਼ੁਲਾਸਾ ਨਹੀਂ ਕਰੇਗਾ।

## ਤੁਹਾਡੇ ਨਤੀਜੇ, ਸਰਟੀਫ਼ਿਕੇਟ ਅਤੇ Your results, certificates and MySQA

### ਨਤੀਜੇ Results

ਤੁਸੀਂ ਆਪਣਾ ਸਕੱਟਿਸ਼ ਯੋਗਤਾ ਸਰਟੀਫ਼ਿਕੇਟ (SQC) ਫਰਸਟ ਕਲਾਸ (ਪਹਿਲੀ-ਸ਼੍ਰੇਣੀ) ਮੇਲ ਰਾਹੀਂ ਵੀਰਵਾਰ 4 ਅਗਸਤ ਨੂੰ ਪ੍ਰਾਪਤ ਕਰੋਗੇ।

ਜੇਕਰ ਤੁਸੀਂ ਆਪਣੇ ਘਰ ਦਾ ਪੱਕਾ ਪਤਾ ਬਦਲਦੇ ਹੋ, ਤਾਂ ਆਪਣੇ ਸਕੂਲ ਜਾਂ ਕਾੱਲਿਜ ਨੂੰ ਫ਼ੌਰਨ ਦਸੋ। ਇਸ ਨਾਲ ਤੁਹਾਡੇ SQC ਦਾ ਸਿੱਧਾ ਤੁਹਾਡੇ ਘਰ ਪਹੁੰਚਣਾ ਯਕੀਨੀ ਹੋ ਜਾਏਗਾ, ਅਤੇ ਕਿਸੇ ਪਰੇਸ਼ਾਨੀ ਜਾਂ ਦੇਰ ਤੋਂ ਬਚਾਓ ਹੁੰਦਾ ਹੈ।

ਜੇ ਤੁਸੀਂ ਯੂਨੀਵਰਸਿਟੀ ਜਾਂ ਕਾੱਲਿਜ ਜਾਂਦੇ ਹੋ, ਤਾਂ ਅਸੀਂ ਤੁਹਾਡੇ ਨਤੀਜੇ ਯੂਨੀਵਰਸਿਟੀਆਂ ਅਤੇ ਕਾੱਲਿਜਾਂ ਦੇ ਦਾਖ਼ਲੇ ਸਬੰਧੀ ਸੇਵਾ (UCAS) ਨੂੰ ਇਲੈਕਟ੍ਰਾੱਨੀਕਲੀ ਭੇਜਾਂਗੇ।

ਜੇ ਤੁਸੀਂ ਨਵੇਂ ਸਕੂਲ ਸੈਸ਼ਨ ਲਈ ਵਾਪਸ ਆ ਰਹੇ ਹੋ, ਤਾਂ ਅਸੀਂ ਨਤੀਜਿਆਂ ਸਬੰਧੀ ਜਾਣਕਾਰੀ ਤੁਹਾਡੇ ਸਕੂਲ ਜਾਂ ਕਾੱਲਿਜ ਨੂੰ ਭੇਜਾਂਗੇ, ਤਾਂ ਜੋ ਟੀਚਰਾਂ ਕੋਲ ਅਗਲੇ ਸਾਲ ਦਾ ਟਾਈਮਟੇਬਲ ਤਿਆਰ ਕਰਨ ਅਤੇ ਤੁਹਾਨੂੰ ਕੈਰੀਅਰ ਅਤੇ ਕੋਰਸ ਸਬੰਧੀ ਸੇਧ ਦੇਣ ਲਈ ਕਾਫ਼ੀ ਸਮਾਂ ਹੋਵੇ।

ਜੇ ਤੁਹਾਡੀ SQC ਵੀਰਵਾਰ 4 ਅਗਸਤ ਤੱਕ ਨਹੀ ਪਹੁੰਚਦੀ, ਤਾਂ ਕਿਰਪਾ ਕਰਕੇ ਆਪਣੇ ਸਕੂਲ ਜਾਂ ਕਾੱਲਿਜ ਨੂੰ ਫ਼ੌਰਨ ਸੰਪਰਕ ਕਰੋ। ਸਕੂਲ ਜਾਂ ਕਾੱਲਿਜ ਤੁਹਾਡੇ ਨਤੀਜੇ ਸਬੰਧੀ ਪੁਸ਼ਟੀ ਕਰ ਸਕਣਗੇ ਅਤੇ ਇਹ ਜਾਣਨ ਲਈ ਕਿ ਤੁਹਾਡੇ SQC ਦਾ ਕੀ ਹੋਇਆ ਹੈ, ਬਾਰੇ ਉਹ ਸਾਡੇ ਨਾਲ ਤਾਲਮੇਲ ਕਰ ਸਕਦੇ ਹਨ।

## ਆਪਣੇ ਨਤੀਜਿਆਂ ਨੂੰ ਪ੍ਰਾਪਤ ਕਰਨ ਲਈ ਇੰਤਜ਼ਾਰ ਕਿਉਂ ਕਰੋ? Why wait to receive your results?

### MySQA ਇਕ ਵੈਬ ਸੇਵਾ ਹੈ, ਜੋ ਤੁਹਾਨੂੰ ਆਪਣੇ ਨਤੀਜਿਆਂ ਤੱਕ ਸੁਰੱਖਿਅਤ ਅਤੇ ਵਿਲੱਖਣ ਪਹੁੰਚ ਪ੍ਰਦਾਨ ਕਰਦੀ ਹੈ।

ਆਪਣੇ ਨਤੀਜੇ ਵਾਲੇ ਲਿਫ਼ਾਫ਼ੇ ਦਾ ਡਾਕ ਰਾਹੀਂ ਆਉਣ ਦਾ ਇੰਤਜ਼ਾਰ ਨਾ ਕਰੋ। ਜੇ ਤੁਸੀਂ ਵੀਰਵਾਰ 14 ਜੁਲਾਈ ਤੱਕ ਦਰਜ਼ ਕਰ ਦਿੰਦੇ ਹੋ, ਅਤੇ ਫਿਰ ਸ਼ੁੱਕਰਵਾਰ 22 ਜੁਲਾਈ ਤੱਕ ਆਪਣਾ ਖਾਤਾ ਸ਼ੁਰੂ ਕਰ ਲੈਂਦੇ ਹੋ, ਤਾਂ ਤੁਸੀਂ ਆਪਣੇ ਨਤੀਜਿਆਂ ਨੂੰ ਈ-ਮੇਲ ਜਾਂ ਟੈਕਸਟ ਰਾਹੀਂ ਵੀਰਵਾਰ 4 ਅਗਸਤ ਨੂੰ ਭੇਜੇ ਜਾਣ ਦੀ ਚੋਣ ਕਰ ਸਕਦੇ ਹੋ। ਰਜਿਸਟਰ ਕਰੋ ਅਤੇ ਕਿਸੇ ਵੀ ਹਾਲਤ ਵਿਚ ਤੁਹਾਨੂੰ ਆਪਣੇ ਨਤੀਜੇ ਮਿਲ ਜਾਣਗੇ। ਜੇ ਤੁਸੀਂ ਘਰ ਤੋਂ ਦੂਰ ਵੀ ਹੋਵੋ, ਤੁਹਾਨੂੰ ਕਿਸੇ ਹੋਰ ਤੋਂ ਆਪਣੇ ਨਤੀਜੇ ਖੁਲਵਾਉਣ ਦੀ ਲੋੜ ਨਹੀਂ ਪਏਗੀ। ਅਤੇ ਤੁਹਾਨੂੰ ਇੰਤਜ਼ਾਰ ਨਹੀਂ ਕਰਨਾ ਪੈਣਾ।

ਆਪਣਾ ਖਾਤਾ ਕਿਵੇਂ ਸ਼ੁਰੂ ਕਰਨਾ ਹੈ, ਇਸ ਬਾਰੇ www.mysqa.info ਜਾਕੇ ਪਤਾ ਲਾਓ।

## ਤੁਹਾਡੇ ਨਤੀਜੇ ਅਤੇ ਤੁਹਾਡੇ ਸਰਟੀਫ਼ਿਕੇਟ Your results and your certificates

### ਨਤੀਜਿਆਂ ਦੇ ਸਮੇਂ ਤੁਹਾਡੇ ਲਈ ਸਹਾਇਤਾ Support for you at results time

ਜੇ ਤੁਹਾਨੂੰ ਆਪਣੇ ਸਰਟੀਫਿਕੇਟ ਦੀ ਸਮਝ ਨਹੀਂ ਆ ਰਹੀ, ਜਾਂ ਜੇਕਰ ਲੱਗਦਾ ਹੈ ਕਿ ਕੁਝ ਕਮੀ ਜਾਂ ਗ਼ਲਤੀ ਹੈ, ਤਾਂ ਆਪਣੇ ਸਕੂਲ ਜਾਂ ਕੱਲਿਜ ਨਾਲ ਫ਼ੌਰਨ ਸੰਪਰਕ ਕਰੋ ਅਤੇ ਮਦਦ ਲਈ ਪੁਛੋ। ਜੇ ਕੋਈ ਸਮਸਿਆ ਹੋਏਗੀ, ਤਾਂ ਤੁਹਾਡਾ ਸਕੂਲ ਜਾਂ ਕੱਲਿਜ ਉਸਨੂੰ ਹੱਲ ਕਰਨ ਲਈ ਸਾਡੇ ਨਾਲ ਸੰਪਰਕ ਕਰੇਗਾ।

ਵੀਰਵਾਰ, 4 ਅਗਸਤ ਤੋਂ ਸ਼ਨੀਚਰਵਾਰ, 6 ਅਗਸਤ ਤੱਕ ਸਲਾਹ ਲਈ ਇਕ ਟੈਲੀਫ਼ੋਨ ਲਾਈਨ ਵੀ ਉਪਲਬਧ ਹੋਏਗੀ। ਆਪਣੇ ਸਰਟੀਫ਼ਿਕੇਟ ਦੇ ਮਜ਼ਮੂਨ ਅਤੇ ਖ਼ਾਕੇ ਬਾਰੇ ਸਲਾਹ ਲਈ ਤੁਸੀਂ ਇਸ ਫ਼ੋਨ ਤੇ ਕੱਲ ਕਰ ਸਕਦੇ ਹੋ। ਸਲਾਹ ਲਾਈਨ ਦਾ ਨੰਬਰ ਤੁਹਾਡੇ ਸਰਟੀਫ਼ਿਕੇਟ ਨਾਲ ਜਾਰੀ ਕੀਤੀ ਗਈ ਜਾਣਕਾਰੀ ਸਬੰਧੀ ਪੁਸਤਿਕਾ ਵਿਚ ਮੌਜੂਦ ਹੈ।

### ਅਪੀਲਾਂ Appeals

ਪੁਸਤਿਕਾ ਦਾ ਇਹ ਹਿੱਸਾ ਤੁਹਾਨੂੰ SQA ਦੇ ਅਪੀਲਾਂ ਸਬੰਧੀ ਸਿਸਟਮ ਬਾਰੇ ਆਮ ਜਾਣਕਾਰੀ ਦਿੰਦਾ ਹੈ। ਜੇਕਰ ਤੁਹਾਨੂੰ ਹੋਰ ਵਿਸਤਰਤ ਜਾਣਕਾਰੀ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਕੂਲ ਜਾਂ ਕੱਲਿਜ ਦੇ ਉਸ ਵਿਅਕਤੀ ਨੂੰ ਪੁਛੋ, ਜੋ SQA ਇਮਤਿਹਾਨਾਂ ਲਈ ਜ਼ਿੰਮੇਵਾਰ ਹੈ।

ਅਸੀਂ ਤੁਹਾਡੇ ਸਕੂਲ ਜਾਂ ਕੱਲਿਜ ਨੂੰ ਦਾਖ਼ਲ ਕੀਤੀਆਂ ਗਈਆਂ ਅਪੀਲਾਂ ਅਤੇ ਨਤੀਜੇ ਦੀਆਂ ਤਾਰੀਖ਼ਾਂ ਬਾਰੇ ਸਮਾਂ ਆਉਣ ਤੇ ਜਾਣਕਾਰੀ ਦਿਆਂਗੇ। ਇਹਨਾਂ ਨੂੰ ਸਾਡੀ ਵੈਬਸਾਈਟ **www.sqa.org.uk/appeals** ਉਤੇ ਵੀ ਪੋਸਟ ਕੀਤਾ ਜਾਏਗਾ।

### ਅਪੀਲਾਂ ਕਿਵੇਂ ਕੀਤੀਆਂ ਜਾਂਦੀਆਂ ਹਨ How appeals are made

ਇਸ ਤੋਂ ਪਹਿਲਾਂ ਕਿ ਤੁਸੀਂ ਇਮਤਿਹਾਨਾਂ ਵਿਚ ਬੈਠੋ, ਤੁਹਾਡੇ ਸਕੂਲ ਜਾਂ ਕੱਲਿਜ ਨੇ ਸਾਨੂੰ ਇਹ ਅੰਦਾਜ਼ਾ ਭੇਜਿਆ ਹੋਏਗਾ ਕਿ ਉਹਨਾਂ ਦੇ ਵਿਚਾਰ ਵਿਚ ਤੁਹਾਡੀ ਕਾਰਗੁਜ਼ਾਰੀ ਕਿਹੋ ਜਿਹੀ ਹੋਏਗੀ। ਉਹਨਾਂ ਦਾ ਇਹ ਅੰਦਾਜ਼ਾ ਤੁਹਾਡੇ ਵਲੋਂ ਕੋਰਸ ਦੌਰਾਨ ਕੀਤੇ ਗਏ ਪੂਰੇ ਕੰਮ ਦੇ ਮੁਲਾਂਕਣ ਅਧਾਰਿਤ ਹੋਏਗਾ।

ਜੇ ਤੁਸੀਂ ਉਹ ਨਤੀਜਾ ਨਹੀਂ ਹਾਸਿਲ ਕਰਦੇ, ਜਿਸਦੀ ਤੁਹਾਡੇ ਸਕੂਲ ਜਾਂ ਕੱਲਿਜ ਨੂੰ ਉਮੀਦ ਸੀ, ਤਾਂ ਤੁਹਾਡੇ ਵਲੋਂ ਇਕ ਅਪੀਲ ਦਾਖ਼ਲ ਕੀਤੀ ਜਾ ਸਕਦੀ ਹੈ – ਪਰ ਸਿਰਫ਼ ਉਦੋਂ ਜੇਕਰ:

• ਤੁਸੀਂ ਮੁਲਾਂਕਣ ਦੇ ਸਾਰੇ ਹਿੱਸੇ ਪੂਰੇ ਕੀਤੇ ਹਨ

• ਤੁਹਾਡੇ ਸਕੂਲ ਜਾਂ ਕਾੱਲਿਜ ਕੋਲ ਆਪਣੇ ਅੰਦਾਜ਼ੇ ਨੂੰ ਸਿੱਧ ਕਰਨ ਲਈ ਪੱਕੇ ਸਬੂਤ ਮੌਜੂਦ ਹਨ।
(ਜੋ ਉਹ SQA ਨੂੰ ਭੇਜਣਗੇ)

ਤੁਸੀਂ ਸਿੱਧੀ ਅਪੀਲ ਨਹੀਂ ਕਰ ਸਕਦੇ, ਅਤੇ ਨਾਂ ਹੀ ਤੁਹਾਡੇ ਮਾਤਾ-ਪਿਤਾ ਜਾਂ ਦੂਜੇ ਨੁਮਾਇੰਦੇ ਕਰ ਸਕਦੇ ਹਨ। ਅਪੀਲ ਸਿਰਫ਼ ਤੁਹਾਨੂੰ ਇਮਤਿਹਾਨ ਲਈ ਭੇਜਣ ਵਾਲਾ ਸਕੂਲ ਜਾਂ ਕਾੱਲਿਜ ਹੀ ਕਰ ਸਕਦਾ ਹੈ।

## SQA ਅਪੀਲਾਂ ਨਾਲ ਕਿਵੇਂ ਨਜਿੱਠਦਾ ਹੈ How SQA deals with appeals

ਤੁਹਾਡੇ ਸਕੂਲ ਜਾਂ ਕਾੱਲਿਜ ਵਲੋਂ ਜਮ੍ਹਾ ਕੀਤੇ ਗਏ ਅਤਿਰਿਕਤ ਸਬੂਤਾਂ ਦੀ ਪੜਤਾਲ ਵਿਸ਼ੇ ਦੇ ਮਾਹਿਰਾਂ ਦੀਆਂ ਟੀਮਾਂ ਕਰਨਗੀਆਂ। ਉਹ ਇਹ ਵਿਚਾਰ ਕਰਨਗੇ ਕਿ ਕੀ ਸਬੂਤ ਵਾਜਬ ਹਨ ਅਤੇ ਕੀ ਉਹਨਾਂ ਨੂੰ ਲੋੜੀਂਦੀਆਂ ਸਥਿਤੀਆਂ ਹੇਠ ਤਿਆਰ ਕੀਤਾ ਗਿਆ ਸੀ। ਇਸ ਨਾਲ ਉਹਨਾਂ ਨੂੰ ਕੋਰਸ ਦੌਰਾਨ ਤੁਹਾਡੀ ਕਾਰਗੁਜ਼ਾਰੀ ਦੀ ਵਿਸਤਰਤ ਤਸਵੀਰ ਨਜ਼ਰ ਆਏਗੀ। ਜਿਥੇ ਲੋੜ ਹੋਵੇਗੀ, ਉਥੇ ਉਹ ਤੁਹਾਡੇ ਮੂਲ ਇਮਤਿਹਾਨ ਦੇ ਜਵਾਬਾਂ ਨੂੰ ਵੀ ਮੁੜ ਤੋਂ ਵੇਖਣਗੇ। ਇਸ ਤੋਂ ਬਾਅਦ ਉਹ ਤੁਹਾਡੇ ਵਲੋਂ ਪ੍ਰਾਪਤ ਕੀਤੇ ਗ੍ਰੇਡ ਬਾਰੇ ਆਖ਼ਰੀ ਫ਼ੈਸਲਾ ਦੇਣ ਦੀ ਸਥਿਤੀ ਵਿਚ ਹੋਣਗੇ।

## ਅਪੀਲਾਂ ਦੇ ਨਤੀਜੇ Appeals results

ਹਾਈਅਰ ਅਤੇ ਐਡਵਾਂਸ ਹਾਈਅਰਜ਼ ਦੀਆਂ ਅਪੀਲਾਂ ਤੇ ਪਹਿਲਾਂ ਵਿਚਾਰਿਆ ਜਾਂਦਾ ਹੈ, ਆਮ ਤੌਰ ਤੇ ਸਿਤੰਬਰ ਵਿਚ। ਇੰਟਰਮੀਡੀਏਟ 1, ਇੰਟਰਮੀਡੀਏਟ 2 ਅਤੇ ਸਟੈਂਡਰਡ ਗ੍ਰੇਡ ਦੀਆਂ ਅਪੀਲਾਂ ਨੂੰ ਆਮ ਤੌਰ ਤੇ ਅਕਤੂਬਰ ਵਿਚ ਵਿਚਾਰਿਆ ਜਾਂਦਾ ਹੈ। ਤੁਹਾਡੇ ਸਕੂਲ ਜਾਂ ਕਾੱਲਿਜ ਨੂੰ ਤੁਹਾਡੀ ਅਪੀਲ ਦੇ ਨਤੀਜੇ ਬਾਰੇ ਜਾਣਕਾਰੀ ਦਿੱਤੀ ਜਾਏਗੀ ਅਤੇ ਉਹ ਇਹ ਜਾਣਕਾਰੀ ਤੁਹਾਨੂੰ ਦੇਣਗੇ।

ਜੇਕਰ ਤੁਹਾਡੀ ਅਪੀਲ ਸਫ਼ਲ ਨਹੀਂ ਹੁੰਦੀ, ਤਾਂ ਅਸੀਂ ਇਸਦਾ ਕਾਰਣ ਸਮਝਾਉਣ ਲਈ ਤੁਹਾਡੇ ਸਕੂਲ ਜਾਂ ਕਾੱਲਿਜ ਨੂੰ ਜਾਣਕਾਰੀ ਦਿਆਂਗੇ।

ਜੇਕਰ ਤੁਹਾਡੀ ਅਪੀਲ ਸਫ਼ਲ ਹੁੰਦੀ ਹੈ, ਤਾਂ ਅਸੀਂ ਨਵੰਬਰ ਦੇ ਅਖ਼ੀਰ ਵਿਚ ਤੁਹਾਨੂੰ ਨਵਾਂ ਸਰਟੀਫ਼ਿਕੇਟ ਜਾਰੀ ਕਰਾਂਗੇ।

## ਟਾਈਮਟੇਬਲ ਬਿਲਡਰ Timetable builder

ਸਾਡੇ ਆੱਨਲਾਈਨ ਅਤੇ ਮੋਬਾਈਲ ਪਰਸਨਲ ਟਾਈਮਟੇਬਲ ਬਿਲਡਰਜ਼ ਦੀ ਵਰਤੋਂ ਕਰਕੇ ਤੁਸੀਂ ਆਪਣਾ ਖ਼ੁਦ ਦਾ ਟਾਈਮਟੇਬਲ ਤਿਆਰ ਕਰੋ। ਤੁਸੀਂ ਆਪਣੇ ਇਮਤਿਹਾਨ ਦੀ ਸਮਾਂ - ਸੂਚੀ ਤੇ ਨਜ਼ਰ ਮਾਰ ਸਕਦੇ ਹੋ, ਇਮਤਿਹਾਨ ਸਬੰਧੀ ਐਂਟਰੀਆਂ ਉਤੇ ਨੋਟਸ ਜੋੜ ਸਕਦੇ ਹੋ, ਆਪਣੇ ਆਪ ਨੂੰ ਜਾਂ ਕਿਸੇ ਦੋਸਤ ਨੂੰ ਟਾਈਮਟੇਬਲ ਈ-ਮੇਲ ਕਰ ਸਕਦੇ ਹੋ, ਅਤੇ ਇਥੋਂ ਤੱਕ ਕਿ iCal ਦੀ ਵਰਤੋਂ ਕਰਕੇ ਦੂਜੇ ਕੈਲੰਡਰਾਂ ਵਿਚ ਵੀ ਸ਼ਾਮਿਲ ਕਰ ਸਕਦੇ ਹੋ। ਹੋਰ ਪਤਾ ਲਾਉਣ ਲਈ ਕਿਰਪਾ ਕਰਕੇ **www.sqa.org.uk/timetable** ਤੇ ਜਾਓ।

## MyStudyPlan — win an iPod Touch (ਮੇਰੀ ਪੜ੍ਹਾਈ ਸਬੰਧੀ ਯੋਜਨਾ) - iPod Touch ਜਿੱਤੋ

ਸਾਡੀ ਨਵੀਂ MyStudyPlan ਐਪਲੀਕੇਸ਼ਨ ਨਾਲ iPod Touch ਉਤੇ ਆਪਣੀ ਖ਼ੁਦ ਦੀ ਅਧਿਅਨ ਯੋਜਨਾ ਤਿਆਰ ਕਰੋ। ਇਹ ਵਧੀਆ ਸੇਵਾ ਤੁਹਾਨੂੰ ਆਪਣੇ ਇਮਤਿਹਾਨ ਦੇ ਪ੍ਰੋਗਰਾਮ ਨੂੰ ਭੇਜਣ/ਪ੍ਰਾਪਤ ਕਰਨ ਦੀ ਸਹੂਲਤ ਦਿੰਦੀ ਹੈ ਅਤੇ ਆਪਣੀ ਅਧਿਅਨ ਯੋਜਨਾ ਤਿਆਰ ਕਰਨ ਲਈ ਇਸ ਦੀ ਵਰਤੋਂ ਕਰੋ।

MyStudyPlan ਬਾਰੇ ਹੋਰ ਜਾਣਨ ਅਤੇ iPod Touch ਜਿੱਤਣ ਦਾ ਮੌਕਾ ਪ੍ਰਾਪਤ ਕਰਨ ਲਈ ਕਿਰਪਾ ਕਰਕੇ www.sqa.org.uk/studyplan ਤੇ ਜਾਓ।

# ਸਮਰੀ ਟਾਈਮ-ਟੇਬਲ 2011 Summary timetable 2011

## ਸਟੈਂਡਰਡ ਗ੍ਰੇਡ Standard Grade

| ਕੋਰਸ Course | ਤਾਰੀਖ਼(ਾਂ) Date(s) | ਕੋਰਸ Course | ਤਾਰੀਖ਼(ਾਂ) Date(s) |
|---|---|---|---|
| ਅਕਾਉਂਟਿੰਗ ਐਂਡ ਫ਼ਾਇਨਾਂਸ<br>Accounting and Finance | ਸੋਮਵਾਰ 30 ਮਈ<br>Monday 30 May | ਜਿਓਗਰਾਫੀ (ਭੂਗੋਲ) Geography | ਮੰਗਲਵਾਰ 24 ਮਈ<br>Tuesday 24 May |
| ਐਡਮਿਨਿਸਟ੍ਰੇਸ਼ਨ<br>Administration | ਵੀਰਵਾਰ 12 ਮਈ<br>Thursday 12 May | ਜਰਮਨ German | ਵੀਰਵਾਰ 19 ਮਈ<br>Thursday 19 May |
| ਆਰਟ ਐਂਡ ਡਿਜ਼ਾਈਨ (ਪ੍ਰੈਕਟੀਕਲ ਟੈਸਟ)*<br>Art and Design (Practical Test)* | ਸੈਂਟਰ ਵਲੋਂ ਇੰਤਜ਼ਾਮ ਕੀਤਾ ਜਾਣਾ ਹੈ | ਗਰਾਫਿਕ ਕਮਯੁਨੀਕੇਸ਼ਨ (ਸੰਚਾਰ)<br>Graphic Communication | ਮੰਗਲਵਾਰ 17 ਮਈ<br>Tuesday 17 May |
| ਬਾਈਓਲੋਜੀ (ਜੀਵ-ਵਿਗਿਆਨ)<br>Biology | ਸੋਮਵਾਰ 9 ਮਈ<br>Monday 9 May | ਹਿਸਟਰੀ (ਇਤਿਹਾਸ) History | ਸ਼ੁੱਕਰਵਾਰ 20 ਮਈ<br>Friday 20 May |
| ਬਿਜ਼ਨਸ ਮੈਨੇਜਮੈਂਟ<br>Business Management | ਬੁੱਧਵਾਰ 25 ਮਈ<br>Wednesday 25 May | ਹੋਮ ਇਕਨੌਮਿਕਸ<br>Home Economics | ਸੋਮਵਾਰ 16 ਮਈ<br>Monday 16 May |
| ਕੈਮਿਸਟਰੀ (ਰਸਾਇਣ ਵਿਗਿਆਨ)<br>Chemistry | ਵੀਰਵਾਰ 26 ਮਈ<br>Thursday 26 May | ਇਟੈਲੀਅਨ Italian | ਵੀਰਵਾਰ 12 ਮਈ<br>Thursday 12 May |
| ਕਲਾਸੀਕਲ ਗਰੀਕ (ਯੂਨਾਨੀ)<br>(Classical Greek) | ਵੀਰਵਾਰ 5 ਮਈ<br>Thursday 5 May | ਲੈਟਿਨ Latin | ਸ਼ੁੱਕਰਵਾਰ 27 ਮਈ<br>Friday 27 May |
| ਕਲਾਸੀਕਲ ਸਟਡੀਜ਼ (ਅਧਿਅਨ)<br>Classical Studies | ਮੰਗਲਵਾਰ 10 ਮਈ<br>Tuesday 10 May | ਮੈਥੇਮੈਟਿਕਸ (ਹਿਸਾਬ)<br>Mathematics | ਬੁੱਧਵਾਰ 4 ਮਈ<br>Wednesday 4 May |
| ਕੰਪਿਊਟਿੰਗ ਸਟਡੀਜ਼<br>Computing Studies | ਮੰਗਲਵਾਰ 3 ਮਈ<br>Tuesday 3 May | ਮੋਡਰਨ ਸਟਡੀਜ਼ (ਆਧੁਨਿਕ ਅਧਿਅਨ)<br>Modern Studies | ਮੰਗਲਵਾਰ 10 ਮਈ<br>Tuesday 10 May |
| ਕੰਟੈਂਪਰਰੀ ਸੋਸ਼ਲ ਸਟਡੀਜ਼ (ਸਮਕਾਲੀ ਸਮਾਜਕ ਵਿਗਿਆਨ ਅਧਿਅਨ) Contemporary Social Studies | ਮੰਗਲਵਾਰ 10 ਮਈ<br>Tuesday 10 May | ਮਯੂਜ਼ਿਕ (ਸੰਗੀਤ) Music | ਸੋਮਵਾਰ 9 ਮਈ<br>Monday 9 May |
| ਕ੍ਰਾਫ਼ਟ ਐਂਡ ਡਿਜ਼ਾਈਨ<br>Craft and Design | ਸ਼ੁੱਕਰਵਾਰ 27 ਮਈ<br>Friday 27 May | ਫਿਜ਼ੀਕਲ ਐਜੂਕੇਸ਼ਨ<br>Physical Education | ਵੀਰਵਾਰ 5 ਮਈ<br>Thursday 5 May |
| ਡਰਾਮਾ Drama | ਬੁੱਧਵਾਰ 18 ਮਈ<br>Wednesday 18 May | ਫ਼ਿਜ਼ਿਕਸ Physics | ਸੋਮਵਾਰ 23 ਮਈ<br>Monday 23 May |
| ਇਕਨੋਮਿਕਸ (ਅਰਥ-ਸ਼ਾਸਤਰ)<br>Economics | ਮੰਗਲਵਾਰ 3 ਮਈ<br>Tuesday 3 May | ਰਿਲਿਜਸ ਸਟਡੀਜ਼ (ਧਾਰਕਿਮ ਅਧਿਅਨ)<br>Religious Studies | ਸੋਮਵਾਰ 30 ਮਈ<br>Monday 30 May |
| ਇੰਗਲਿਸ਼ (ਅੰਗ੍ਰੇਜ਼ੀ) English | ਸ਼ੁੱਕਰਵਾਰ 6 ਮਈ<br>Friday 6 May | ਸਾਈਸ (ਵਿਗਿਆਨ) Science | ਸੋਮਵਾਰ 23 ਮਈ<br>Monday 23 May |
| ਇੰਗਲਿਸ਼ (ਅੰਗ੍ਰੇਜ਼ੀ) – ਆਲਟਰਨੇਟਿਵ ਕਮਯੁਨਿਕੇਸ਼ਨ<br>English – Alternative Communication | ਸ਼ੁੱਕਰਵਾਰ 6 ਮਈ<br>Friday 6 May | ਸੋਸ਼ਲ ਐਂਡ ਵੋਕੇਸ਼ਨਲ ਸਕਿਲਜ਼ (ਸਮਾਜਕ ਅਤੇ ਵਿਵਸਾਇਕ ਮੁਹਾਰਤਾਂ)<br>Social and Vocational Skills | ਸ਼ੁੱਕਰਵਾਰ 13 ਮਈ<br>Friday 13 May |
| ਫ੍ਰੈਂਚ French | ਬੁੱਧਵਾਰ 11 ਮਈ<br>Wednesday 11 May | ਸਪੈਨਿਸ਼ (ਸਪੇਨੀ) Spanish | ਬੁੱਧਵਾਰ 25 ਮਈ<br>Wednesday 25 May |
| ਗੇਲਿਕ ਲਰਨਰਜ਼ (ਵਿਦਿਆਰਥੀ)<br>Gaelic (Learners) | ਵੀਰਵਾਰ 26 ਮਈ<br>Thursday 26 May | ਤਕਨਾਲੌਜੀਕਲ ਸਟਡੀਜ਼ (ਅਧਿਅਨ)<br>Technological Studies | ਵੀਰਵਾਰ 12 ਮਈ<br>Thursday 12 May |
| ਗੇਲਿਕ ਲਰਨਰਜ਼ (ਵਿਦਿਆਰਥੀ) (ਔਪਸ਼ਨਲ (ਅਖ਼ਤਿਆਰੀ)) (ਰਾਈਟਿੰਗ (ਲਿਖਤੀ))<br>Gaelic (Learners) (Optional) (Writing) | ਵੀਰਵਾਰ 26 ਮਈ<br>Thursday 26 May | ਉਰਦੂ Urdu | ਬੁੱਧਵਾਰ 18 ਮਈ<br>Wednesday 18 May |
| ਗੈਲਿਕ Gàidhlig | ਵੀਰਵਾਰ 26 ਮਈ<br>Thursday 26 May | | |

**ਚਿੰਨ੍ਹਾਂ ਲਈ ਕੁੰਜੀ Key to Symbols**

* ਸਟੈਂਡਰਡ ਗ੍ਰੇਡ, ਇਹ ਇਮਤਿਹਾਨ ਸੋਮਵਾਰ 25 ਅਪਰੈਲ ਤੋਂ ਲੈ ਕੇ ਸ਼ੁੱਕਰਵਾਰ 6 ਮਈ ਸਮੇਤ ਤੱਕ ਦੇ ਵਕਫ਼ੇ ਅੰਦਰ ਕਦੀ ਵੀ ਸੈਂਟਰ ਦੀ ਮਰਜ਼ੀ ਤੇ ਸਭ ਤੋਂ ਜ਼ਿਆਦਾ ਸੁਖਾਲੀ ਤਾਰੀਖ਼ ਨੂੰ ਹੋ ਸਕਦਾ ਹੈ।

## ਇੰਟਰਮੀਡੀਏਟ 1 Intermediate 1

| ਕੋਰਸ Course | ਤਾਰੀਖ਼(ਾਂ) Date(s) | ਕੋਰਸ Course | ਤਾਰੀਖ਼(ਾਂ) Date(s) |
|---|---|---|---|
| ਅਕਾਊਂਟਿੰਗ Accounting | ਮੰਗਲਵਾਰ 31 ਮਈ<br>Tuesday 31 May | ਹਿਸਟਰੀ (ਇਤਿਹਾਸ) History | ਸ਼ੁੱਕਰਵਾਰ 20 ਮਈ<br>Friday 20 May |
| ਐਡਮਿਨਿਸਟ੍ਰੇਸ਼ਨ<br>Administration | ਵੀਰਵਾਰ 12 ਮਈ<br>Thursday 12 May | ਇਟੈਲੀਅਨ Italian | ਸ਼ੁੱਕਰਵਾਰ 20 ਮਈ<br>Friday 20 May |
| ਬਾਈਓਲੋਜੀ (ਜੀਵ-ਵਿਗਿਆਨ)<br>Biology | ਬੁੱਧਵਾਰ 1 ਜੂਨ<br>Wednesday 1 June | ਲੈਟਿਨ Latin | ਸੋਮਵਾਰ 6 ਜੂਨ<br>Monday 6 June |
| ਬਿਜ਼ਨਸ ਮੈਨੇਜਮੈਂਟ<br>Business Management | ਬੁੱਧਵਾਰ 25 ਮਈ<br>Wednesday 25 May | ਮੈਨੇਜਿੰਗ ਇਨਵਾਇਰਮੈਂਟਲ ਰਿਸੋਰਸਿਜ਼ (ਵਾਤਾਵਰਨ ਸਬੰਧੀ ਸਰੋਤਾਂ ਦਾ ਪ੍ਰਬੰਧ)<br>Managing Environmental Resources | ਬੁੱਧਵਾਰ 8 ਜੂਨ<br>Wednesday 8 June |
| ਕੈਨਟੋਨੀਜ਼ Cantonese | ਸੋਮਵਾਰ 30 ਮਈ<br>Monday 30 May | ਮੰਡਾਰਿਨ ਸਿਮਪਲੀਫਾਈਡ (ਸਰਲੀਕ੍ਰਿਤ)<br>Mandarin Simplified | ਸੋਮਵਾਰ 30 ਮਈ<br>Monday 30 May |
| ਕੇਅਰ (ਸੰਭਾਲ) Care | ਮੰਗਲਵਾਰ 7 ਜੂਨ<br>Tuesday 7 June | ਮੰਡਾਰਿਨ ਟ੍ਰੈਡਿਸ਼ਨਲ (ਰਿਵਾਇਤੀ)<br>Mandarin Traditional | ਸੋਮਵਾਰ 30 ਮਈ<br>Monday 30 May |
| ਕੈਮਿਸਟਰੀ (ਰਸਾਇਣ ਵਿਗਿਆਨ)<br>Chemistry | ਵੀਰਵਾਰ 26 ਮਈ<br>Thursday 26 May | ਮੈਥੇਮੈਟਿਕਸ (ਹਿਸਾਬ)<br>Mathematics | ਬੁੱਧਵਾਰ 18 ਮਈ<br>Wednesday 18 May |
| ਕਲਾਸੀਕਲ ਗਰੀਕ (ਯੂਨਾਨੀ)<br>(Classical Greek) | ਸ਼ੁੱਕਰਵਾਰ 20 ਮਈ<br>Friday 20 May | ਮੀਡੀਆ ਸਟਡੀਜ਼ (ਅਧਿਅਨ)<br>Media Studies | ਮੰਗਲਵਾਰ 7 ਜੂਨ<br>Tuesday 7 June |
| ਕਲਾਸੀਕਲ ਸਟਡੀਜ਼ (ਅਧਿਅਨ)<br>Classical Studies | ਸ਼ੁੱਕਰਵਾਰ 3 ਜੂਨ<br>Friday 3 June | ਮੋਡਰਨ ਸਟਡੀਜ਼ (ਆਧੁਨਿਕ ਅਧਿਅਨ)<br>Modern Studies | ਮੰਗਲਵਾਰ 31 ਮਈ<br>Tuesday 31 May |
| ਕੰਪਿਉਟਿੰਗ ਸਟਡੀਜ਼<br>Computing Studies | ਸ਼ੁੱਕਰਵਾਰ 3 ਜੂਨ<br>Friday 3 June | ਮਯੂਜ਼ਿਕ (ਸੰਗੀਤ) Music | ਵੀਰਵਾਰ 5 ਮਈ<br>Thursday 5 May |
| ਡਰਾਮਾ Drama | ਬੁੱਧਵਾਰ 18 ਮਈ<br>Wednesday 18 May | ਫਿਜ਼ੀਕਲ ਐਜੂਕੇਸ਼ਨ<br>Physical Education | ਸੋਮਵਾਰ 30 ਮਈ<br>Monday 30 May |
| ਇੰਗਲਿਸ਼ (ਅੰਗ੍ਰੇਜ਼ੀ) English | ਸ਼ੁੱਕਰਵਾਰ 13 ਮਈ<br>Friday 13 May | ਫ਼ਿਜ਼ਿਕਸ Physics | ਸੋਮਵਾਰ 23 ਮਈ<br>Monday 23 May |
| ਫ੍ਰੈਂਚ French | ਮੰਗਲਵਾਰ 17 ਮਈ<br>Tuesday 17 May | ਸਾਈਕੋਲੋਜੀ (ਮਨੋਵਿਗਿਆਨ)<br>Psychology | ਸੋਮਵਾਰ 6 ਜੂਨ<br>Monday 6 June |
| ਗੇਲਿਕ ਲਰਨਰਜ਼ (ਵਿਦਿਆਰਥੀ)<br>Gaelic (Learners) | ਵੀਰਵਾਰ 26 ਮਈ<br>Thursday 26 May | ਰਿਲਿਜਸ, ਮੋਰਲ ਐਂਡ ਫਿਲੋਸਫਿਕਲ ਸਟਡੀਜ਼ (ਧਾਰਮਿਕ, ਨੈਤਿਕਤਾ ਅਤੇ ਫ਼ਲਸਫ਼ੇ ਸਬੰਧੀ ਅਧਿਅਨ)<br>Religious, Moral and Philosophical Studies | ਸੋਮਵਾਰ 30 ਮਈ<br>Monday 30 May |
| ਗੈਲਿਕ Gàidhlig | ਵੀਰਵਾਰ 26 ਮਈ<br>Thursday 26 May | ਰਸ਼ਿਅਨ (ਰੂਸੀ) Russian | ਵੀਰਵਾਰ 2 ਜੂਨ<br>Thursday 2 June |
| ਜਿਓਗਰਾਫੀ (ਭੂਗੋਲ)<br>Geography | ਮੰਗਲਵਾਰ 24 ਮਈ<br>Tuesday 24 May | ਸਪੈਨਿਸ਼ (ਸਪੇਨੀ) Spanish | ਵੀਰਵਾਰ 2 ਜੂਨ<br>Thursday 2 June |
| ਜਿਓਲੋਜੀ (ਭੂ-ਵਿਗਿਆਨ)<br>Geology | ਸੋਮਵਾਰ 16 ਮਈ<br>Monday 16 May | ਟ੍ਰੈਵਲ ਐਂਡ ਟਯੂਰਿਜ਼ਮ<br>(ਸਫ਼ਰ ਅਤੇ ਸੈਰ-ਸਪਾਟਾ)<br>Travel and Tourism | ਸ਼ੁੱਕਰਵਾਰ 3 ਜੂਨ<br>Friday 3 June |
| ਜਰਮਨ German | ਵੀਰਵਾਰ 19 ਮਈ<br>Thursday 19 May | | |
| ਗਰਾਫਿਕ ਕਮਯੂਨੀਕੇਸ਼ਨ (ਸੰਚਾਰ)<br>Graphic Communication | ਬੁੱਧਵਾਰ 1 ਜੂਨ<br>Wednesday 1 June | | |

## ਇੰਟਰਮੀਡੀਏਟ 2 Intermediate 2

| ਕੋਰਸ Course | ਤਾਰੀਖ਼(ਾਂ) Date(s) | ਕੋਰਸ Course | ਤਾਰੀਖ਼(ਾਂ) Date(s) |
|---|---|---|---|
| ਅਕਾਊਂਟਿੰਗ Accounting | ਮੰਗਲਵਾਰ 31 ਮਈ<br>Tuesday 31 May | ਹੋਮ ਇਕਨੌਮਿਕਸ:<br>Home Economics:<br>ਹੈਲਥ ਐਂਡ ਫੂਡ (ਸਿਹਤ ਅਤੇ ਅਹਾਰ) ਤਕਨਾਲੋਜੀ<br>Health and Food Technology | ਸੋਮਵਾਰ 16 ਮਈ<br>Monday 16 May |
| ਐਡਮਿਨਿਸਟ੍ਰੇਸ਼ਨ<br>Administration | ਵੀਰਵਾਰ 12 ਮਈ<br>Thursday 12 May | ਹੋਮ ਇਕਨੌਮਿਕਸ:<br>Home Economics:<br>ਲਾਈਫਸਟਾਈਲ ਐਂਡ ਕੰਜ਼ਮਰ (ਰਹਿਣ-ਸਹਿਣ ਅਤੇ ਖਪਤਕਾਰ) ਤਕਨਾਲੋਜੀ<br>Lifestyle and Consumer Technology | ਸੋਮਵਾਰ 16 ਮਈ<br>Monday 16 May |
| ਆਰਟ ਐਂਡ ਡਿਜ਼ਾਈਨ<br>Art and Design | ਵੀਰਵਾਰ 2 ਜੂਨ<br>Thursday 2 June | ਹੋਸਪਿਟੈਲਿਟੀ: (ਮਹਿਮਾਨ-ਨਵਾਜ਼ੀ):<br>ਪ੍ਰੋਫੈਸ਼ਨਲ (ਪੇਸ਼ੇਵਾਰ) ਕੁਕਰੀ<br>Hospitality:<br>Professional Cookery | ਬੁੱਧਵਾਰ 8 ਜੂਨ<br>Wednesday 8 June |
| ਬਾਈਓਲੋਜੀ (ਜੀਵ-ਵਿਗਿਆਨ)<br>Biology | ਬੁੱਧਵਾਰ 1 ਜੂਨ<br>Wednesday 1 June | ਇਨਫੋਰਮੇਸ਼ਨ ਸਿਸਟਮਜ਼ (ਜਾਣਕਾਰੀ)<br>Information Systems | ਸੋਮਵਾਰ 16 ਮਈ<br>Monday 16 May |
| ਬਾਇਓ-ਤਕਨਾਲੋਜੀ<br>Biotechnology | ਮੰਗਲਵਾਰ 17 ਮਈ<br>Tuesday 17 May | ਇਟੈਲੀਅਨ Italian | ਸ਼ੁੱਕਰਵਾਰ 20 ਮਈ<br>Friday 20 May |
| ਬਿਜ਼ਨਸ ਮੈਨੇਜਮੈਂਟ<br>Business Management | ਬੁੱਧਵਾਰ 25 ਮਈ<br>Wednesday 25 May | ਲੈਟਿਨ Latin | ਸੋਮਵਾਰ 6 ਜੂਨ<br>Monday 6 June |
| ਕੈਨਟੋਨੀਜ਼ Cantonese | ਸੋਮਵਾਰ 30 ਮਈ<br>Monday 30 May | ਮੈਨੇਜਿੰਗ ਇਨਵਾਇਰਮੈਂਟਲ ਰਿਸੋਰਸਿਜ਼ (ਵਾਤਾਵਰਨ ਸਬੰਧੀ ਸਰੋਤਾਂ ਦਾ ਪ੍ਰਬੰਧ)<br>Managing Environmental Resources | ਬੁੱਧਵਾਰ 8 ਜੂਨ<br>Wednesday 8 June |
| ਕੇਅਰ (ਸੰਭਾਲ) Care | ਮੰਗਲਵਾਰ 7 ਜੂਨ<br>Tuesday 7 June | ਮੰਡਾਰਿਨ ਸਿਮਪਲੀਫਾਈਡ (ਸਰਲੀਕ੍ਰਿਤ)<br>Mandarin Simplified | ਸੋਮਵਾਰ 30 ਮਈ<br>Monday 30 May |
| ਕੈਮਿਸਟਰੀ (ਰਸਾਇਣ ਵਿਗਿਆਨ)<br>Chemistry | ਵੀਰਵਾਰ 26 ਮਈ<br>Thursday 26 May | ਮੰਡਾਰਿਨ ਟ੍ਰੈਡਿਸ਼ਨਲ (ਰਿਵਾਇਤੀ)<br>Mandarin Traditional | ਸੋਮਵਾਰ 30 ਮਈ<br>Monday 30 May |
| ਕਲਾਸੀਕਲ ਗਰੀਕ (ਯੂਨਾਨੀ)<br>(Classical Greek) | ਸ਼ੁੱਕਰਵਾਰ 20 ਮਈ<br>Friday 20 May | ਮੈਥੇਮੈਟਿਕਸ (ਹਿਸਾਬ)<br>Mathematics | ਬੁੱਧਵਾਰ 18 ਮਈ<br>Wednesday 18 May |
| ਕਲਾਸੀਕਲ ਸਟਡੀਜ਼ (ਅਧਿਅਨ)<br>Classical Studies | ਸ਼ੁੱਕਰਵਾਰ 3 ਜੂਨ<br>Friday 3 June | ਮੀਡੀਆ ਸਟਡੀਜ਼ (ਅਧਿਅਨ)<br>Media Studies | ਮੰਗਲਵਾਰ 7 ਜੂਨ<br>Tuesday 7 June |
| ਕੰਪਿਊਟਿੰਗ Computing | ਸ਼ੁੱਕਰਵਾਰ 3 ਜੂਨ<br>Friday 3 June | ਮੋਡਰਨ ਸਟਡੀਜ਼ (ਆਧੁਨਿਕ ਅਧਿਅਨ)<br>Modern Studies | ਮੰਗਲਵਾਰ 31 ਮਈ<br>Tuesday 31 May |
| ਡਰਾਮਾ Drama | ਬੁੱਧਵਾਰ 18 ਮਈ<br>Wednesday 18 May | ਮਯੂਜ਼ਿਕ (ਸੰਗੀਤ ) Music | ਵੀਰਵਾਰ 5 ਮਈ<br>Thursday 5 May |
| ਇਕਨੌਮਿਕਸ (ਅਰਥ-ਸ਼ਾਸਤਰ)<br>Economics | ਸੋਮਵਾਰ 23 ਮਈ<br>Monday 23 May | ਫਿਲੋਸਫੀ (ਫ਼ਲਸਫ਼ਾ) Philosophy | ਮੰਗਲਵਾਰ 24 ਮਈ<br>Tuesday 24 May |
| ਇਲੈਕ੍ਟ੍ਰੌਨਿਕ ਐਂਡ ਇਲੈਕ੍ਟ੍ਰੀਕਲ ਫੰਡਾਮੈਂਟਲਸ<br>Electronic and Electrical Fundamentals | ਮੰਗਲਵਾਰ 7 ਜੂਨ<br>Tuesday 7 June | ਫਿਜ਼ੀਕਲ ਐਜੂਕੇਸ਼ਨ<br>Physical Education | ਸੋਮਵਾਰ 30 ਮਈ<br>Monday 30 May |
| ਇੰਗਲਿਸ਼ (ਅੰਗ੍ਰੇਜ਼ੀ) English | ਸ਼ੁੱਕਰਵਾਰ 13 ਮਈ<br>Friday 13 May | ਫ਼ਿਜ਼ਿਕਸ Physics | ਸੋਮਵਾਰ 23 ਮਈ<br>Monday 23 May |
| ਇੰਗਲਿਸ਼ ਫਾਰ ਸਪੀਕਰਜ਼ ਔਫ ਅਦਰ ਲੈਂਗੁਏਜਿਜ਼ (ਅੰਗ੍ਰੇਜ਼ੀ ਦੂਜੀਆਂ ਭਾਸ਼ਾਵਾਂ ਬੋਲਣ ਵਾਲਿਆਂ ਲਈ )<br>English for Speakers of Other Languages | ਸੋਮਵਾਰ 6 ਜੂਨ<br>Monday 6 June | ਪ੍ਰੋਡਕਟ ਡਿਜ਼ਾਈਨ<br>Product Design | ਮੰਗਲਵਾਰ 17 ਮਈ<br>Tuesday 17 May |

| | | | |
|---|---|---|---|
| ਫ੍ਰੈਂਚ French | ਮੰਗਲਵਾਰ 17 ਮਈ<br>Tuesday 17 May | ਸਾਈਕੋਲੋਜੀ (ਮਨੋਵਿਗਿਆਨ)<br>Psychology | ਸੋਮਵਾਰ 6 ਜੂਨ<br>Monday 6 June |
| ਗੇਲਿਕ ਲਰਨਰਜ਼ (ਵਿਦਿਆਰਥੀ)<br>Gaelic (Learners) | ਵੀਰਵਾਰ 26 ਮਈ<br>Thursday 26 May | ਰਿਲਿਜਸ, ਮੋਰਲ ਐਂਡ ਫਿਲੋਸਫਿਕਲ ਸਟਡੀਜ਼ (ਧਾਰਕਿਮ, ਨੈਤਿਕਤਾ ਅਤੇ ਫ਼ਲਸਫ਼ੇ ਸਬੰਧੀ ਅਧਿਅਨ)<br>Religious, Moral and Philosophical Studies | ਸੋਮਵਾਰ 30 ਮਈ<br>Monday 30 May |
| ਗੈਲਿਕ Gàidhlig | ਵੀਰਵਾਰ 26 ਮਈ<br>Thursday 26 May | ਰਸ਼ਿਅਨ (ਰੂਸੀ) Russian | ਵੀਰਵਾਰ 2 ਜੂਨ<br>Thursday 2 June |
| ਜਿਓਗਰਾਫੀ (ਭੁਗੋਲ)<br>Geography | ਮੰਗਲਵਾਰ 24 ਮਈ<br>Tuesday 24 May | ਸੋਸ਼ਿਔਲੋਜੀ (ਸਮਾਜਕ ਵਿਗਿਆਨ)<br>Sociology | ਸ਼ੁੱਕਰਵਾਰ 10 ਜੂਨ<br>Friday 10 June |
| ਜਿਓਲੋਜੀ (ਭੂ-ਵਿਗਿਆਨ)<br>Geology | ਸੋਮਵਾਰ 16 ਮਈ<br>Monday 16 May | ਸਪੈਨਿਸ਼ (ਸਪੇਨੀ) Spanish | ਵੀਰਵਾਰ 2 ਜੂਨ<br>Thursday 2 June |
| ਜਰਮਨ German | ਵੀਰਵਾਰ 19 ਮਈ<br>Thursday 19 May | ਤਕਨਾਲੋਜੀਕਲ ਸਟਡੀਜ਼ (ਅਧਿਅਨ)<br>Technological Studies | ਸ਼ੁੱਕਰਵਾਰ 27 ਮਈ<br>Friday 27 May |
| ਗਰਾਫਿਕ ਕਮਯੁਨੀਕੇਸ਼ਨ (ਸੰਚਾਰ)<br>Graphic Communication | ਬੁੱਧਵਾਰ 1 ਜੂਨ<br>Wednesday 1 June | ਟ੍ਰੈਵਲ ਐਂਡ ਟਯੁਰਿਜ਼ਮ<br>(ਸਫ਼ਰ ਅਤੇ ਸੈਰ-ਸਪਾਟਾ)<br>Travel and Tourism | ਸ਼ੁੱਕਰਵਾਰ 3 ਜੂਨ<br>Friday 3 June |
| ਹਿਸਟਰੀ (ਇਤਿਹਾਸ) History | ਸ਼ੁੱਕਰਵਾਰ 20 ਮਈ<br>Friday 20 May | | |
| ਹੋਮ ਇਕਨੌਮਿਕਸ:<br>Home Economics:<br>ਫ਼ੈਸ਼ਨ ਐਂਡ ਟੈਕਸਟਾਈਲ ਤਕਨਾਲੋਜੀ<br>Fashion and Textile Technology | ਸੋਮਵਾਰ 16 ਮਈ<br>Monday 16 May | | |

## ਹਾਇਰ Higher

| ਕੋਰਸ Course | ਤਾਰੀਖ਼(ਾਂ) Date(s) | ਕੋਰਸ Course | ਤਾਰੀਖ਼(ਾਂ) Date(s) |
|---|---|---|---|
| ਅਕਾਊਂਟਿੰਗ Accounting | ਮੰਗਲਵਾਰ 31 ਮਈ<br>Tuesday 31 May | ਹੋਮ ਇਕਨੌਮਿਕਸ:<br>Home Economics:<br>ਹੈਲਥ ਐਂਡ ਫੂਡ (ਸਿਹਤ ਅਤੇ ਅਹਾਰ) ਤਕਨਾਲੋਜੀ<br>Health and Food Technology | ਸੋਮਵਾਰ 16 ਮਈ<br>Monday 16 May |
| ਐਡਮਿਨਿਸਟ੍ਰੇਸ਼ਨ Administration | ਵੀਰਵਾਰ 19 ਮਈ<br>Thursday 19 May | ਹੋਮ ਇਕਨੌਮਿਕਸ:<br>Home Economics:<br>ਲਾਈਫਸਟਾਈਲ ਐਂਡ ਕੰਜ਼ੂਮਰ (ਰਹਿਣ-ਸਹਿਣ ਅਤੇ ਖਪਤਕਾਰ) ਤਕਨਾਲੋਜੀ<br>Lifestyle and Consumer Technology | ਸੋਮਵਾਰ 16 ਮਈ<br>Monday 16 May |
| ਆਰਕੀਟੈਕਚਰਲ ਤਕਨਾਲੋਜੀ<br>Architectural Technology | ਵੀਰਵਾਰ 9 ਜੂਨ<br>Thursday 9 June | ਹੌਸਪਿਟੈਲਿਟੀ: (ਮਹਿਮਾਨ-ਨਵਾਜ਼ੀ):<br>ਪ੍ਰੋਫੈਸ਼ਨਲ (ਪੇਸ਼ੇਵਾਰ) ਕੁਕਰੀ<br>Hospitality:<br>Professional Cookery | ਬੁੱਧਵਾਰ 8 ਜੂਨ<br>Wednesday 8 June |
| ਆਰਟ ਐਂਡ ਡਿਜ਼ਾਈਨ<br>Art and Design | ਵੀਰਵਾਰ 2 ਜੂਨ<br>Thursday 2 June | ਹਿਊਮਨ ਬਾਇਓਲੋਜੀ<br>Human Biology | ਬੁੱਧਵਾਰ 1 ਜੂਨ<br>Wednesday 1 June |
| ਬਾਈਓਲੋਜੀ (ਜੀਵ-ਵਿਗਿਆਨ)<br>Biology | ਬੁੱਧਵਾਰ 1 ਜੂਨ<br>Wednesday 1 June | ਇਨਫੋਰਮੇਸ਼ਨ ਸਿਸਟਮਜ਼ (ਜਾਣਕਾਰੀ)<br>Information Systems | ਸੋਮਵਾਰ 16 ਮਈ<br>Monday 16 May |
| ਬਾਇਓ-ਤਕਨਾਲੋਜੀ Biotechnology | ਮੰਗਲਵਾਰ 17 ਮਈ<br>Tuesday 17 May | ਇਟੈਲੀਅਨ Italian | ਸ਼ੁੱਕਰਵਾਰ 20 ਮਈ<br>Friday 20 May |
| ਬਿਲਡਿੰਗ ਕੰਸਟ੍ਰਕਸ਼ਨ (ਇਮਾਰਤ ਉਸਾਰੀ)<br>Building Construction | ਬੁੱਧਵਾਰ 8 ਜੂਨ<br>Wednesday 8 June | ਲੈਟਿਨ Latin | ਸੋਮਵਾਰ 6 ਜੂਨ<br>Monday 6 June |
| ਬਿਜ਼ਨਸ ਮੈਨੇਜਮੈਂਟ<br>Business Management | ਬੁੱਧਵਾਰ 25 ਮਈ<br>Wednesday 25 May | ਮੈਨੇਜਿੰਗ ਇਨਵਾਇਰਮੈਂਟਲ ਰਿਸੋਰਸਿਜ਼ (ਵਾਤਾਵਰਨ ਸਬੰਧੀ ਸਰੋਤਾਂ ਦਾ ਪ੍ਰਬੰਧ)<br>Managing Environmental Resources | ਬੁੱਧਵਾਰ 8 ਜੂਨ<br>Wednesday 8 June |
| ਕੈਨਟੋਨੀਜ਼ Cantonese | ਸੋਮਵਾਰ 30 ਮਈ<br>Monday 30 May | ਮੰਡਾਰਿਨ ਸਿਮਪਲੀਫਾਈਡ (ਸਰਲੀਕ੍ਰਿਤ)<br>Mandarin Simplified | ਸੋਮਵਾਰ 30 ਮਈ<br>Monday 30 May |
| ਕੇਅਰ (ਸੰਭਾਲ) Care | ਮੰਗਲਵਾਰ 7 ਜੂਨ<br>Tuesday 7 June | ਮੰਡਾਰਿਨ ਟ੍ਰੈਡਿਸ਼ਨਲ (ਰਿਵਾਇਤੀ)<br>Mandarin Traditional | ਸੋਮਵਾਰ 30 ਮਈ<br>Monday 30 May |
| ਕੈਮਿਸਟਰੀ (ਰਸਾਇਣ ਵਿਗਿਆਨ)<br>Chemistry | ਵੀਰਵਾਰ 26 ਮਈ<br>Thursday 26 May | ਮੈਥੇਮੈਟਿਕਸ (ਹਿਸਾਬ)<br>Mathematics | ਬੁੱਧਵਾਰ 18 ਮਈ<br>Wednesday 18 May |
| ਕਲਾਸੀਕਲ ਗਰੀਕ (ਯੂਨਾਨੀ)<br>(Classical Greek) | ਸ਼ੁੱਕਰਵਾਰ 20 ਮਈ<br>Friday 20 May | ਮੈਕਾਟ੍ਰੋਨਿਕਸ Mechatronics | ਸ਼ੁੱਕਰਵਾਰ 10 ਜੂਨ<br>Friday 10 June |
| ਕਲਾਸੀਕਲ ਸਟਡੀਜ਼ (ਅਧਿਅਨ)<br>Classical Studies | ਸ਼ੁੱਕਰਵਾਰ 3 ਜੂਨ<br>Friday 3 June | ਮੀਡੀਆ ਸਟਡੀਜ਼ (ਅਧਿਅਨ)<br>Media Studies | ਮੰਗਲਵਾਰ 7 ਜੂਨ<br>Tuesday 7 June |
| ਕੰਪਿਊਟਿੰਗ Computing | ਸ਼ੁੱਕਰਵਾਰ 3 ਜਨੂ<br>Friday 3 June | ਮੋਡਰਨ ਸਟਡੀਜ਼ (ਆਧੁਨਿਕ ਅਧਿਅਨ)<br>Modern Studies | ਮੰਗਲਵਾਰ 31 ਮਈ<br>Tuesday 31 May |
| ਡਰਾਮਾ Drama | ਸ਼ੁੱਕਰਵਾਰ 27 ਮਈ<br>Friday 27 May | ਮਯੂਜ਼ਿਕ (ਸੰਗੀਤ ) Music | ਸੋਮਵਾਰ 23 ਮਈ<br>Monday 23 May |
| ਅਰਲੀ ਐਜੂਕੇਸ਼ਨ ਐਂਡ ਚਾਈਲਡਕੇਅਰ (ਸ਼ੁਰੂਆਤੀ ਸਿਖਿਆ ਅਤੇ ਬਾਲ-ਸੰਭਾਲ)<br>Early Education and Childcare | ਵੀਰਵਾਰ 9 ਜੂਨ<br>Thursday 9 June | ਫਿਲੋਸਫੀ (ਫ਼ਲਸਫ਼ਾ) Philosophy | ਮੰਗਲਵਾਰ 24 ਮਈ<br>Tuesday 24 May |
| ਇਕਨੌਮਿਕਸ (ਅਰਥ-ਸ਼ਾਸਤਰ)<br>Economics | ਸੋਮਵਾਰ 23 ਮਈ<br>Monday 23 May | ਫਿਜ਼ੀਕਲ ਐਜੂਕੇਸ਼ਨ<br>Physical Education | ਸੋਮਵਾਰ 30 ਮਈ<br>Monday 30 May |
| ਇੰਗਲਿਸ਼ (ਅੰਗ੍ਰੇਜ਼ੀ) English | ਸ਼ੁੱਕਰਵਾਰ 13 ਮਈ<br>Friday 13 May | ਫ਼ਿਜ਼ਿਕਸ Physics | ਸੋਮਵਾਰ 23 ਮਈ<br>Monday 23 May |

| | | | |
|---|---|---|---|
| ਇੰਗਲਿਸ਼ ਫਾਰ ਸਪੀਕਰਜ਼ ਔਫ ਅਦਰ ਲੈਂਗੁਏਜਿਜ਼ (ਅੰਗ੍ਰਜ਼ੀ ਦੂਜੀਆਂ ਭਾਸ਼ਾਵਾਂ ਬੋਲਣ ਵਾਲਿਆਂ ਲਈ) English for Speakers of Other Languages | ਸੋਮਵਾਰ 6 ਜੂਨ Monday 6 June | ਪੋਲੀਟਿਕਸ (ਸਿਆਸਤ) Politics | ਵੀਰਵਾਰ 9 ਜੂਨ Thursday 9 June |
| ਫ਼ੈਬਰੀਕੇਸ਼ਨ ਐਂਡ ਵੈਲਡਿੰਗ ਇੰਜੀਨੀਅਰਿੰਗ Fabrication and Welding Engineering | ਮੰਗਲਵਾਰ 7 ਜੂਨ Tuesday 7 June | ਪ੍ਰੋਡਕਟ ਡਿਜ਼ਾਈਨ Product Design | ਮੰਗਲਵਾਰ 17 ਮਈ Tuesday 17 May |
| ਫ਼੍ਰੈਂਚ French | ਮੰਗਲਵਾਰ 17 ਮਈ Tuesday 17 May | ਸਾਈਕੋਲੋਜੀ (ਮਨੋਵਿਗਿਆਨ) Psychology | ਸੋਮਵਾਰ 6 ਜੂਨ Monday 6 June |
| ਗੇਲਿਕ ਲਰਨਰਜ਼ (ਵਿਦਿਆਰਥੀ) Gaelic (Learners) | ਵੀਰਵਾਰ 26 ਮਈ Thursday 26 May | ਰਿਲਿਜਸ, ਮੋਰਲ ਐਂਡ ਫਿਲੋਸਫਿਕਲ ਸਟਡੀਜ਼ (ਧਾਰਕਿਮ, ਨੈਤਿਕਤਾ ਅਤੇ ਫ਼ਲਸਫ਼ੇ ਸਬੰਧੀ ਅਧਿਅਨ) Religious, Moral and Philosophical Studies | ਸੋਮਵਾਰ 30 ਮਈ Monday 30 May |
| ਗੈਲਿਕ Gàidhlig | ਵੀਰਵਾਰ 26 ਮਈ Thursday 26 May | ਰਸ਼ਿਅਨ (ਰੂਸੀ) Russian | ਵੀਰਵਾਰ 2 ਜੂਨ Thursday 2 June |
| ਜਿਓਗਰਾਫੀ (ਭੁਗੋਲ) Geography | ਮੰਗਲਵਾਰ 24 ਮਈ Tuesday 24 May | ਸੋਸ਼ਿਐਲੋਜੀ (ਸਮਾਜਕ ਵਿਗਿਆਨ) Sociology | ਸ਼ੁੱਕਰਵਾਰ 10 ਜੂਨ Friday 10 June |
| ਜਿਓਲੋਜੀ (ਭੂ-ਵਿਗਿਆਨ) Geology | ਸੋਮਵਾਰ 16 ਮਈ Monday 16 May | ਸਪੈਨਿਸ਼ (ਸਪੇਨੀ) Spanish | ਵੀਰਵਾਰ 2 ਜੂਨ Thursday 2 June |
| ਜਰਮਨ German | ਵੀਰਵਾਰ 19 ਮਈ Thursday 19 May | ਤਕਨਾਲੋਜੀਕਲ ਸਟਡੀਜ਼ (ਅਧਿਅਨ) Technological Studies | ਸ਼ੁੱਕਰਵਾਰ 27 ਮਈ Friday 27 May |
| ਗਰਾਫਿਕ ਕਮਯੁਨੀਕੇਸ਼ਨ (ਸੰਚਾਰ) Graphic Communication | ਬੁੱਧਵਾਰ 1 ਜੂਨ Wednesday 1 June | ਟ੍ਰੈਵਲ ਐਂਡ ਟਯੁਰਿਜ਼ਮ (ਸਫ਼ਰ ਅਤੇ ਸੈਰ-ਸਪਾਟਾ) Travel and Tourism | ਸ਼ੁੱਕਰਵਾਰ 3 ਜੂਨ Friday 3 June |
| ਹਿਸਟਰੀ (ਇਤਿਹਾਸ) History | ਸ਼ੁੱਕਰਵਾਰ 20 ਮਈ Friday 20 May | ਉਰਦੂ Urdu | ਬੁੱਧਵਾਰ 18 ਮਈ Wednesday 18 May |
| ਹੋਮ ਇਕਨੌਮਿਕਸ: Home Economics: ਫ਼ੈਸ਼ਨ ਐਂਡ ਟੈਕਸਟਾਈਲ ਤਕਨਾਲੌਜੀ Fashion and Textile Technology | ਸੋਮਵਾਰ 16 ਮਈ Monday 16 May | | |

## ਐਡਵਾਂਸਡ ਹਾਇਰ Advanced Higher

| ਕੋਰਸ Course | ਤਾਰੀਖ਼(ਾਂ) Date(s) | ਕੋਰਸ Course | ਤਾਰੀਖ਼(ਾਂ) Date(s) |
|---|---|---|---|
| ਅਕਾਊਂਟਿੰਗ Accounting | ਮੰਗਲਵਾਰ 31 ਮਈ<br>Tuesday 31 May | ਇਤਿਹਾਸ History | ਸ਼ੁੱਕਰਵਾਰ 20 ਮਈ<br>Friday 20 May |
| ਐਡਮਿਨਿਸਟ੍ਰੇਸ਼ਨ Administration | ਵੀਰਵਾਰ 19 ਮਈ<br>Thursday 19 May | ਹੋਮ ਇਕਨੌਮਿਕਸ:<br>Home Economics:<br>ਹੈਲਥ ਐਂਡ ਫੂਡ (ਸਿਹਤ ਅਤੇ ਅਹਾਰ) ਤਕਨਾਲੌਜੀ<br>Health and Food Technology | ਸੋਮਵਾਰ 16 ਮਈ<br>Monday 16 May |
| ਐਪਲਾਈਡ ਮੈਥੇਮੈਟਿਕਸ<br>Applied Mathematics | ਸ਼ੁੱਕਰਵਾਰ 20 ਮਈ<br>Friday 20 May | ਇਨੌਰੇਸ਼ਨ (ਜਾਣਕਾਰੀ) ਸਿਸਟਮਜ਼<br>Information Systems | ਸੋਮਵਾਰ 16 ਮਈ<br>Monday 16 May |
| ਬਾਈਓਲੋਜੀ (ਜੀਵ-ਵਿਗਿਆਨ)<br>Biology | ਬੁੱਧਵਾਰ 1 ਜੂਨ<br>Wednesday 1 June | ਇਟੈਲੀਅਨ Italian | ਸ਼ੁੱਕਰਵਾਰ 20 ਮਈ<br>Friday 20 May |
| ਬਿਜ਼ਨਸ ਮੈਨੇਜਮੈਂਟ<br>Business Management | ਬੁੱਧਵਾਰ 25 ਮਈ<br>Wednesday 25 May | ਲੈਟਿਨ Latin | ਸੋਮਵਾਰ 6 ਜੂਨ<br>Monday 6 June |
| ਕੈਨਟੋਨੀਜ਼ Cantonese | ਸੋਮਵਾਰ 30 ਮਈ<br>Monday 30 May | ਮੈਂਡਰਿਨ ਸਿਮਪਲੀਫਾਈਡ (ਸਰਲੀਕ੍ਰਿਤ)<br>Mandarin Simplified | ਸੋਮਵਾਰ 30 ਮਈ<br>Monday 30 May |
| ਕੈਮਿਸਟਰੀ (ਰਸਾਇਣ ਵਿਗਿਆਨ)<br>Chemistry | ਵੀਰਵਾਰ 26 ਮਈ<br>Thursday 26 May | ਮੈਂਡਰਿਨ ਟ੍ਰੈਡਿਸ਼ਨਲ (ਰਿਵਾਇਤੀ)<br>Mandarin Traditional | ਸੋਮਵਾਰ 30 ਮਈ<br>Monday 30 May |
| ਕਲਾਸੀਕਲ ਗਰੀਕ (ਯੂਨਾਨੀ)<br>(Classical Greek) | ਸ਼ੁੱਕਰਵਾਰ 20 ਮਈ<br>Friday 20 May | ਹਿਸਾਬ Mathematics | ਬੁੱਧਵਾਰ 18 ਮਈ<br>Wednesday 18 May |
| ਕਲਾਸੀਕਲ ਸਟਡੀਜ਼ (ਅਧਿਅਨ)<br>Classical Studies | ਸ਼ੁੱਕਰਵਾਰ 3 ਜੂਨ<br>Friday 3 June | ਮੀਡੀਆ ਸਟਡੀਜ਼ (ਅਧਿਅਨ)<br>Media Studies | ਮੰਗਲਵਾਰ 7 ਜੂਨ<br>Tuesday 7 June |
| ਕੰਪਿਊਟਿੰਗ Computing | ਸ਼ੁੱਕਰਵਾਰ 3 ਜੂਨ<br>Friday 3 June | ਮੋਡਰਨ ਸਟਡੀਜ਼ (ਆਧੁਨਿਕ ਅਧਿਅਨ)<br>Modern Studies | ਮੰਗਲਵਾਰ 31 ਮਈ<br>Tuesday 31 May |
| ਡਰਾਮਾ Drama | ਸ਼ੁੱਕਰਵਾਰ 27 ਮਈ<br>Friday 27 May | ਮਯੂਜ਼ਿਕ (ਸੰਗੀਤ ) Music | ਸੋਮਵਾਰ 23 ਮਈ<br>Monday 23 May |
| ਇਕਨੌਮਿਕਸ (ਅਰਥ-ਸ਼ਾਸਤਰ)<br>Economics | ਸੋਮਵਾਰ 23 ਮਈ<br>Monday 23 May | ਫ਼ਿਜ਼ੀਕਸ Physics | ਸੋਮਵਾਰ 23 ਮਈ<br>Monday 23 May |
| ਇੰਗਲਿਸ਼ (ਅੰਗ੍ਰੇਜ਼ੀ) English | ਸ਼ੁੱਕਰਵਾਰ 13 ਮਈ<br>Friday 13 May | ਪ੍ਰੋਡਕਟ ਡਿਜ਼ਾਈਨ<br>Product Design | ਮੰਗਲਵਾਰ 17 ਮਈ<br>Tuesday 17 May |
| ਫ੍ਰੈਂਚ French | ਮੰਗਲਵਾਰ 17 ਮਈ<br>Tuesday 17 May | ਰਿਲਿਜਸ, ਮੋਰਲ ਐਂਡ ਫਿਲੌਸਫਿਕਲ ਸਟਡੀਜ਼ (ਧਾਰਕਿਮ, ਨੈਤਿਕਤਾ ਅਤੇ ਫ਼ਲਸਫ਼ੇ ਸਬੰਧੀ ਅਧਿਅਨ) Religious, Moral and Philosophical Studies | ਸੋਮਵਾਰ 30 ਮਈ<br>Monday 30 May |
| ਗੇਲਿਕ ਲਰਨਰਜ਼ (ਵਿਦਿਆਰਥੀ)<br>Gaelic (Learners) | ਵੀਰਵਾਰ 26 ਮਈ<br>Thursday 26 May | ਸਪੈਨਿਸ਼ (ਸਪੇਨੀ) Spanish | ਵੀਰਵਾਰ 2 ਜੂਨ<br>Thursday 2 June |
| ਗੈਲਿਕ Gàidhlig | ਵੀਰਵਾਰ 26 ਮਈ<br>Thursday 26 May | ਤਕਨਾਲੌਜੀਕਲ ਸਟਡੀਜ਼ (ਅਧਿਅਨ)<br>Technological Studies | ਸ਼ੁੱਕਰਵਾਰ 27 ਮਈ<br>Friday 27 May |
| ਜਿਓਗਰਾਫੀ (ਭੁਗੋਲ) Geography | ਮੰਗਲਵਾਰ 24 ਮਈ<br>Tuesday 24 May | | |
| ਜਰਮਨ German | ਵੀਰਵਾਰ 19 ਮਈ<br>Thursday 19 May | | |
| ਗ੍ਰਾਫ਼ਿਕ (ਗਰਾਫਿਕ) ਸੰਚਾਰ<br>Graphic Communication | ਬੁੱਧਵਾਰ 1 ਜੂਨ<br>Wednesday 1 June | | |

## ਮੇਰੇ ਇਮਤਿਹਾਨ ਦਾ ਟਾਈਮ-ਟੇਬਲ My exam timetable

ਨਾਂ Name

SCN ਸੈਂਟਰ ਦਾ ਨਾਂ

| ਵਿਸ਼ਾ (ਸਬਜੈਕਟ) subject | ਪੱਧਰ (ਲੈਵਲ) level | ਤਾਰੀਖ਼ (ਡੇਟ) date | ਸ਼ੁਰੂ ਹੋਣ ਦਾ ਸਮਾਂ start time | ਖ਼ਤਮ ਹੋਣ ਦਾ ਸਮਾਂ finish time | ਕਿਥੇ where | ਡੈਸਕ/ਸੀਟ ਨੰਬਰ desk/seat no. | ਮੈਨੂੰ ਕੀ ਲਿਆਉਣ ਦੀ ਲੋੜ ਹੈ? what do I need to bring? |
|---|---|---|---|---|---|---|---|
| ਅੰਗ੍ਰੇਜ਼ੀ | ਇੰਟਰ 1 | 13 ਮਈ | ਦੁਪਹਿਰੇ 1 ਵਜੇ | ਦੁਪਹਿਰੇ 2 ਵਜੇ | ਕਮਰਾ 12 | 7 | ਪੈਨ |

ਨੋਟਸ * ਪਹਿਲੀ ਲਾਈਨ ਸਿਰਫ਼ ਇਕ ਉਦਾਹਰਣ ਹੈ।
* ਆਪਣੇ SCN ਲਈ ਆਪਣੇ ਟੀਚਰ ਜਾਂ ਲੈਕਚਰਾਰ ਨੂੰ ਪੁਛੋ।
* ਤੁਹਾਨੂੰ ਇਹ ਜਾਣਕਾਰੀ ਆਪਣੇ ਇਮਤਿਹਾਨ ਦੀ ਜਵਾਬ ਦੇਣ ਵਾਲੀ (ਆਨਸਰ) ਬੁਕਸ ਉਤੇ ਦੇਣ ਲਈ ਕਿਹਾ ਜਾਏਗਾ।
* ਯਾਦ ਰੱਖੋ: ਔਬਜੈਕਟਿਵ ਟੈਸਟਾਂ ਲਈ ਤੁਹਾਨੂੰ ਇਕ HB ਪੈਂਸਿਲ ਅਤੇ ਮਿਟਾਉਣ ਵਾਲੇ ਰਬੜ ਦੀ ਲੋੜ ਪਏਗੀ।

## ਪਿਛਲੇ ਪੇਪਰ Past Papers

ਕੀ ਤੁਸੀਂ ਆਪਣੇ ਇਮਤਿਹਾਨਾਂ ਦੌਰਾਨ ਆਪਣੇ ਦਿਮਾਗ਼ ਨੂੰ ਸ਼ਾਂਤ ਰਖਣਾ ਚਾਹੁੰਦੇ ਹੋ? ਇਹ ਕੋਈ ਦਿਮਾਗ਼ੀ ਗੱਲ ਨਹੀਂ ਹੈ! ਬ੍ਰਾਈਟ ਰੈਡ ਪਬਲੀਸ਼ਿੰਗ ਤੋਂ ਮਿਲਣ ਵਾਲੇ SQA ਦੇ ਸਰਕਾਰੀ ਪਾਸਟ (ਪੁਰਾਣੇ) ਪੇਪਰ ਦੀ ਵਰਤੋਂ ਕਰਨਾ ਤਿਆਰੀ ਕਰਨ ਦਾ ਬਿਹਤਰੀਨ ਤਰੀਕਾ ਹੈ, ਕਿਉਂਕਿ:

• ਤੁਸੀਂ ਉਮੀਦਵਾਰਾਂ ਵਲੋਂ ਸਾਹਮਣਾ ਕੀਤੇ ਜਾਣ ਵਾਲੇ ਅਸਲ ਸੁਆਲਾਂ ਨਾਲ ਰੂਬਰੂ ਹੁੰਦੇ ਹੋ, ਜਿਸ ਕਰਕੇ ਤੁਸੀਂ ਪੂਰੀ ਤਰ੍ਹਾਂ ਤਿਆਰ ਅਤੇ ਆਪਣੇ ਇਮਤਿਹਾਨ ਵਾਲੇ ਦਿਨ ਪੂਰਾ ਭਰੋਸਾ ਮਹਿਸੂਸ ਕਰਦੇ ਹੋ।

• ਹਰੇਕ ਵਿਸ਼ੇ ਦੇ ਨਾਲ ਦਿੱਤੇ ਗਏ ਜਵਾਬ SQA ਦੇ ਸੀਨੀਅਰ ਐਗਜ਼ਾਮਿਨਰਾਂ ਤੋਂ ਪ੍ਰਵਾਣਿਤ ਹੁੰਦੇ ਹਨ, ਜੋ ਪੱਕਾ ਕਰਦੇ ਹਨ ਕਿ ਤੁਸੀਂ ਲੋੜੀਂਦੇ ਪੱਧਰ ਤੇ ਅਭਿਆਸ ਕਰ ਰਹੇ ਹੋ।

• ਅਭਿਆਸ ਕਰਨ ਵਿਚ ਤੁਹਾਨੂੰ ਸਹਿਯੋਗ ਦੇਣ ਲਈ ਹੁਣ ਸਟੈਂਡਰਡ ਗ੍ਰੇਡ ਤੋਂ ਲੈ ਕੇ ਐਡਵਾਂਸਡ ਹਾਇਰ ਤੱਕ 75 ਤੋਂ ਜ਼ਿਆਦਾ ਵੱਖ-ਵੱਖ ਵਿਸ਼ਿਆਂ ਵਿਚ ਪੁਰਾਣੇ ਪੇਪਰ ਮੌਜੂਦ ਹਨ।

SQA ਦੇ ਸਰਕਾਰੀ ਪਿਛਲੇ (ਪਾਸਟ) ਪੇਪਰਜ਼ ਹੁਣ ਸਾਰੀਆਂ ਚੰਗੀਆਂ ਕਿਤਾਬਾਂ ਦੀਆਂ ਦੁਕਾਨਾਂ ਤੋਂ, www.brightredpublishing.co.uk ਤੋਂ ਜਾਂ ਤੁਹਾਡੇ ਸਕੂਲ ਜਾਂ ਕਾੱਲਿਜ ਰਾਹੀਂ ਉਪਲਬਧ ਹਨ।

ਅਤੇ ਇਮਤਿਹਾਨ ਦੀ ਇਸ ਤੋਂ ਵਧੇਰੇ ਕੇਂਦਰਿਤ ਤਿਆਰੀ ਕਰਨ ਲਈ, ਸਟੈਂਡਰਡ ਗ੍ਰੇਡ ਵਾਸਤੇ 'ਬ੍ਰਾਈਟ ਰੈਡ ਰਿਜ਼ਲਟਸ' ਵਾਲੀਆਂ ਕਿਤਾਬਾਂ ਵੇਖੋ, ਅਤੇ ਹਾਇਰ ਅਤੇ ਐਡਵਾਂਸਡ ਹਾਇਰ ਪੱਧਰਾਂ ਲਈ 'ਬ੍ਰਾਈਟ ਰੈਡ ਰਵੀਜ਼ਨ' ਸੀਰੀਜ਼ ਵੇਖੋ!

ਹੋਰ ਜਾਣਕਾਰੀ ਲਈ ਸਾਨੂੰ www.brightredpublishing.co.uk ਉਤੇ ਵਿਜ਼ਿਟ ਕਰੋ, ਅਤੇ ਆਉਣ ਵਾਲੀਆਂ ਲਿਖਤਾਂ ਬਾਰੇ ਖ਼ਬਰਾਂ ਵਾਸਤੇ ਰਜਿਸਟਰ ਕਰੋ।

## ਸ਼ੁਭ ਕਾਮਨਾਵਾਂ !

## ਤੁਹਾਡੇ ਇਮਤਿਹਾਨ Your Exams

### ਆਮ General

- ✓ ਸਮੇਂ ਤੋਂ ਪਹਿਲਾਂ ਪਹੁੰਚਣਾ - ਇਮਤਿਹਾਨ ਸ਼ੁਰੂ ਹੋਣ ਤੋਂ ਲਗਭਗ 10 ਮਿੰਟ ਪਹਿਲਾਂ
- ✓ ਜਾਂਚੋ ਕਿ ਤੁਹਾਨੂੰ ਇਮਤਿਹਾਨ ਲਈ ਸਹੀ ਪੇਪਰ ਦਿੱਤਾ ਗਿਆ ਹੈ।
- ✓ ਪੇਪਰ ਦੇ ਪਹਿਲੇ ਸਫ਼ੇ' ਤੇ ਆਪਣਾ ਵੇਰਵਾ ਪੂਰਾ ਭਰੋ
- ✓ ਸਾਰੀਆਂ ਹਿਦਾਇਤਾਂ ਪੜ੍ਹੋ ਅਤੇ ਬੋਲੀ ਜਾਣ ਵਾਲੀ ਹਰੇਕ ਗੱਲ ਜਾਂ ਵਾਧੂ ਹਿਦਾਇਤਾਂ ਨੂੰ ਧਿਆਨ ਨਾਲ ਸੁਣੋ
- ✓ ਸਹੀ ਉਪਕਰਣ (ਚੀਜ਼ਾਂ) ਲੈ ਕੇ ਜਾਓ - ਪੈਨ, HB ਪੈਂਸਿਲਾਂ, ਆਦਿ
- ✓ ਫ਼ਾਈਨਲ ਕਾੱਪੀ ਤਿਆਰ ਕਰਨ ਤੋਂ ਬਾਦ ਸਾਰੇ ਰਫ਼ ਕੰਮਾਂ ਨੂੰ ਕੱਟਣਾ ਯਾਦ ਰਖੋ
- ✓ ਜੇ ਤੁਸੀਂ ਠੀਕ ਨਹੀਂ ਮਹਿਸੂਸ ਕਰ ਰਹੇ, ਤਾਂ ਨਿਰੀਖਕ ਨੂੰ ਦਸੋ
- ✓ ਹਰੇਕ ਕੰਮ/ਪੇਪਰ ਉਤੇ ਆਪਣਾ ਨਾਂ ਅਤੇ SCN ਲਿਖੋ
- ✓ ਇਮਤਿਹਾਨ ਖ਼ਤਮ ਹੋਣ ਤੱਕ ਕਮਰੇ ਵਿਚ ਰਹੋ - ਤੁਸੀਂ ਸਿਰਫ਼ ਨਿਰੀਖਕ ਦੀ ਆਗਿਆ ਨਾਲ ਪਹਿਲਾਂ ਜਾ ਸਕਦੇ ਹੋ

### ਵਿਹਾਰ Conduct

- ✗ ਨਾਂ ਤਾਂ ਕਿਸੇ ਦੀ ਨਕਲ ਮਾਰੋ, ਨਾਂ ਹੀ ਕਿਸੇ ਦੂਜੇ ਨਾਲ ਆਪਣਾ ਕੰਮ ਸਾਂਝਾ ਕਰੋ
- ✗ ਆਪਣੀ ਜਵਾਬ ਵਾਲੀ ਪੁਸਤਿਕਾ ਵਿਚ ਭੜਕਾਉ ਜਾਂ ਹੋਛੀ ਭਾਸ਼ਾ ਨਾ ਵਰਤੋ
- ✗ ਇਮਤਿਹਾਨ ਵਾਲੇ ਕਮਰੇ ਵਿਚ ਵਿਘਨ ਪਾਉਣ ਵਾਲਾ ਵਿਹਾਰ ਨਾ ਕਰੋ ਜਾਂ ਸਮਸਿਆ ਪੈਦਾ ਨਾ ਕਰੋ
- ✗ ਕਿਸੇ ਦੂਜੇ ਨਾਲ ਉਪਕਰਣ (ਚੀਜ਼ਾਂ) ਸਾਂਝੇ ਨਾ ਕਰੋ

### ਤੁਹਾਡੇ ਕੋਲ ਇਹ ਚੀਜ਼ਾਂ ਬਿਲਕੁਲ ਵੀ ਨਹੀ ਹੋਣੀ ਚਾਹੀਦੀਆਂ:

**ਮੋਬਾਈਲ ਫੋਨ**

**ਡਿਜ਼ੀਟਲ ਆੱਡੀਓ ਉਪਕਰਣ, ਉਦਾਹਰਣ ਲਈ MP3 ਪਲੇਅਰ**

**ਕਿਤਾਬ, ਨੋਟਸ ਸਕੈਚਿਜ਼ ਜਾਂ ਪੇਪਰ**

**ਪੈਂਸਿਲ ਦਾ ਕਵਰ/ਕੈਲਕੁਲੇਟਰ ਦਾ ਕਵਰ**

**ਕੈਲਕੁਲੇਟਰ - ਸਿਰਫ਼ ਨਿਰਧਾਰਤ ਵਿਸ਼ਿਆਂ ਨੂੰ ਛੱਡਕੇ**

**ਸ਼ਬਦ-ਕੋਸ਼ - ਸਿਰਫ਼ ਨਿਰਧਾਰਤ ਵਿਸ਼ਿਆਂ ਨੂੰ ਛੱਡਕੇ**

### ਸਾਰੇ ਅਧਿਕਾਰ-ਪ੍ਰਾਪਤ ਇਲੈਕਟ੍ਰੌਨਿਕ ਉਪਰਕਣਾਂ (ਚੀਜ਼ਾਂ) ਦਾ SQA ਯਿਨਮਾਂ ਅਨੁਸਾਰ ਹੋਣਾ ਲਾਜ਼ਮੀ ਹੈ ਅਤੇ ਉਸਦੀ ਕਿਸੇ ਅਣਅਧਿਕ੍ਰਿਤ ਡਾਟੇ ਤੱਕ ਪਹੁੰਚ ਨਹੀਂ ਹੋਣੀ ਚਾਹੀਦੀ।